ਕ੍ਰਿਸ਼ਨ ਜਨਮਅਸ਼ਟਮੀ ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈ।



ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ



Email : lokbani08@gmail.com ਸੋਮਵਾਰ, 30 ਅਗਸਤ 2021 (ਜਲੰਧਰ)

R.N.I. Punpun/29016/2008 ✫ ਸਾਲ : 14 ✫ ਅੰਕ : 212 ✫ ਮੁੱਲ : 2.00 ਰੁਪਏ ✫ ਕੁੱਲ ਪੇਜ਼ : 10 ✫ ਫੈਕਸ : 0181-2211009 ✫ M. 99155-94111


## ਤਾਲਿਬਾਨ ਨੇ ਅਸ਼ਾਂਤ ਸੂਬੇ 'ਚ ਅਫਗਾਨ ਲੋਕ ਗਾਇਕ ਦਾ ਕੀਤਾ ਕਤਲ

**ਕਾਬੁਲ/ਲੋਕ ਬਾਣੀ :** ਤਾਲਿਬਾਨ ਦੇ ਇਕ ਲੜਾਕੇ ਨੇ ਅਸ਼ਾਂਤ ਪਰਬਤੀ ਸੂਬੇ ਵਿਚ ਸ਼ੱਕੀ ਹਾਲਾਤ ਵਿਚ ਇਕ ਅਫਗਾਨ ਲੋਕ ਗਾਇਕ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ। ਗਾਇਕ ਦੇ ਪਰਿਵਾਰ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਲੋਕ ਗਾਇਕ ਫਵਾਦ ਅੰਦਰਾਬੀ ਨੂੰ ਸ਼ੁੱਕਰਵਾਰ ਨੂੰ ਅੰਦਾਰਾਬੀ ਘਾਟੀ ਵਿਚ ਗੋਲੀ ਮਾਰੀ ਗਈ। ਤਾਲਿਬਾਨ ਦੇ ਕਬਜੇ ਮਗਰੋਂ ਘਾਟੀ ਵਿਚ ਅਸ਼ਾਂਤੀ ਦੇਖੀ ਗਈ ਸੀ।ਖੇਤਰ ਦੇ ਕੁਝ ਜਲ੍ਹਿ ਤਾਲਿਬਾਨ ਸ਼ਾਸਨ ਦਾ ਵਿਰੋਧ ਜਤਾਉਣ ਵਾਲੇ ਮਿਲੀਸ਼ੀਆ ਲੜਾਕਿਆਂ ਦੇ ਕੰਟਰੋਲ ਵਿਚ ਆ ਗਏ ਸਨ। ਤਾਲਿਬਾਨ ਦਾ ਕਹਿਣਾ ਹੈ ਕਿ ਉਹਨਾਂ ਨੇ ਉਹਨਾਂ ਖੇਤਰਾਂ ਨੂੰ ਵਾਪਸ ਲਿਆ ਹੈ ਭਾਵੇਂਕਿ ਹਿੰਦੂਕੁਸ਼ ਪਹਾੜਾਂ ਵਿਚ ਸਥਿਤ ਪੰਜਸ਼ੀਰ ਅਫਗਾਨਿਸਤਾਨ ਦੇ 34 ਸੂਬਿਆਂ ਵਿਚੋਂ ਸਿਰਫ ਇਕ ਅਜਿਹਾ ਸੂਬਾ ਹੈ ਜੋ ਉਸ ਦੇ ਕੰਟਰੋਲ ਵਿਚ ਨਹੀਂ ਹੈ। ਲੋਕ ਗਾਇਕ ਦੇ ਬੇਟੇ ਜਵਾਦ ਅੰਦਰਾਬੀ ਨੇ 'ਦੀ ਐਸੋਸੀਏਟਿਡ ਪ੍ਰੈੱਸ' ਨੂੰ ਦੱਸਿਆ ਕਿ ਤਾਲਿਬਾਨ ਪਹਿਲਾਂ ਉਹਨਾਂ ਦੇ ਘਰ ਆਏ ਅਤੇ ਉਹਨਾਂ ਦੀ ਤਲਾਸ਼ੀ ਲਈ। ਗਾਇਕ ਦੇ ਬੇਟੇ ਨੇ ਕਿਹਾ,"ਉਹ ਬੇਕਸੂਰ ਸਨ, ਉਹ ਇਕ ਗਾਇਕ ਸਨ ਜੋ ਸਿਰਫ ਲੋਕਾਂ ਦਾ ਮਨੋਰੰਜਨ ਕਰ ਰਹੇ ਸਨ। ਤਾਲਿਬਾਨ ਨੇ ਉਹਨਾਂ ਦੇ ਪਿਤਾ ਦੇ ਸਿਰ ਵਿਚ ਗੋਲੀ ਮਾਰ ਦਿੱਤੀ।" ਗਾਇਕ ਦੇ ਬੇਟੇ ਨੇ ਕਿਹਾ ਕਿ ਉਹ ਨਿਆਂ ਚਾਹੁੰਦੇ ਹਨ ਅਤੇ ਇਕ ਸਥਾਨਕ ਤਾਲਿਬਾਨ ਪਰੀਸ਼ਦ ਨੇ ਉਹਨਾਂ ਦੇ ਪਿਤਾ ਦੇ ਕਾਤਲ ਨੂੰ ਸਜਾ ਦੇਣ ਦਾ ਵਾਅਦਾ ਕੀਤਾ ਹੈ।ਤਾਲਿਬਾਨ ਦੇ ਬੁਲਾਰੇ ਜਬੀਹੁੱਲਾਹ ਮੁਜਾਹਿਦ ਨੇ 'ਏਪੀ' ਨੂੰ ਦੱਸਿਆ ਕਿ ਘਟਨਾ ਦੀ ਜਾਂਚ ਕੀਤੀ ਜਾਵੇਗੀ ਪਰ ਕਤਲ ਦੇ ਬਾਰੇ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ।



## ਪੰਜਾਬ ਵਿੱਚ ਕਿਸਾਨਾਂ ਵਲੋਂ ਕੀਤਾ ਪ੍ਰਦਰਸ਼ਨ ਹੋਇਆ ਸ਼ਾਂਤੀ ਨਾਲ ਖਤਮ

**ਜਲੰਧਰ/ਹਰਬੰਸ ਸਿੰਘ**

ਪੰਜਾਬ ਭਰ ਵਿੱਚ 32 ਕਿਸਾਨ ਜਥੇਬੰਦੀਆਂ ਦੇ ਸੜਕਾਂ ਨੂੰ ਜਾਮ ਕਰਨ ਵਾਲਾ 2 ਘੰਟਿਆਂ ਦਾ ਅੰਦੋਲਨ ਸੁੱਖ ਸਾਂਤੀ ਨਾਲ ਸਮਾਪਤ ਹੋ ਗਿਆ। ਰਾਜ ਭਰ ਕੋਈ ਅਣ-ਸੁਖਾਵੀਂ ਘਟਨਾ ਨਾ ਵਾਪਰਨ ਦੀ ਜਾਣਕਾਰੀ ਇਕ ਉਚ ਪੁਲੀਸ ਅਧਿਕਾਰੀ ਨੇ ਦਿੱਤੀ। ਕਿਸਾਨ ਜਥੇਬੰਦੀਆਂ ਨੇ ਹਰਿਆਣਾ ਸਰਕਾਰ ਖਲਿਾਫ ਨਾਅਰੇਬਾਜੀ ਕੀਤੀ ਅਤੇ ਅੰਦੋਲਨ ਜਾਰੀ ਰੱਖਣ ਦਾ ਐਲਾਨ ਕੀਤਾ। ਹਰਿਆਣਾ ਵਿੱਚ ਪੁਲੀਸ ਨੇ ਬਸਤਾੜਾ ਟੋਲ ਪਲਾਜਾ ਨੇੜੇ ਕਿਸਾਨਾਂ ਉਪਰ ਕੀਤੇ ਲਾਠੀਚਾਰਜ ਦੇ ਖਲਿਾਫ ਵਿਚ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਵੱਲੋਂ ਦੁਪਹਿਰ 12 ਤੋਂ ਬਾਅਦ ਦੁਪਹਿਰ 2 ਵਜੇ ਤੱਕ ਚੱਕਾ ਜਾਮ ਕਰਨ ਦਾ ਐਲਾਨ ਕੀਤਾ ਸੀ। ਸੁੰਯਕਤ ਕਿਸਾਨ ਮੋਰਚਾ ਵਲੋਂ ਦਿੱਤੇ ਗਏ ਦੋ ਘੰਟਿਆਂ ਦੇ ਸੜਕੀ ਜਾਮ ਦੇ ਸੱਦੇ ਤਹਿਤ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਰਾਜ ਭਰ ਵਿਚ ਦੁਪਹਿਰ 12 ਵਜੇ ਤੋਂ ਲੈ ਕੇ ਬਾਅਦ ਦੁਪਹਿਰ 2 ਵਜੇ ਤੱਕ ਸੜਕਾਂ ਜਾਮ ਕਰ ਦਿੱਤੀਆਂ ਸਨ। ਇਸ ਜਾਮ ਕਾਰਨ ਪੰਜਾਬ ਭਰ ਵਿੱਚ ਥਾਂ-ਥਾਂ ਸੜਕਾਂ ਰੋਕੀਆਂ ਗਈਆਂ। ਕਈ ਥਾਵਾਂ 'ਤੇ ਜਾਮ ਕਾਰਨ ਸਰਕਾਰੀ ਨੌਕਰੀਆਂ ਲਈ ਪਰਚੇ ਦੇਣ ਜਾਣ ਵਾਲਿਆਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ।



ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾਈ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਵੱਖ-ਵੱਖ ਰੂਪਾ ਵਿਚ ਦੱਸਿਆ ਕਿ ਪੁਲੀਸ ਤਸੱਦਦ ਬਹੁਤ ਹੀ ਨਿੰਦਣਯੋਗ ਕਾਰਵਾਈ ਹੈ, ਜਿਸ ਦੇ ਰੋਸ ਵਜੋਂ ਇਹ ਜਾਮ ਲਾਇਆ ਗਿਆ।

## 30 ਸਤੰਬਰ ਤੱਕ ਡੀਜੀਸੀਏ ਨੇ ਕੌਮਾਂਤਰੀ ਉਡਾਨਾਂ ਕੀਤੀਆਂ ਬੰਦ



**ਨਵੀਂ ਦਿੱਲੀ/ਕਪੂਰ :** ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸਨ (ਡੀਜੀਸੀਏ) ਨੇ ਅੱਜ ਕਿਹਾ ਹੈ ਕਿ ਕਰੋਨਾਵਾਇਰਸ ਕਾਰਨ ਅੰਤਰਰਾਸਟਰੀ ਯਾਤਰੀ ਉਡਾਣਾਂ ਰੋਕ 30 ਸਤੰਬਰ ਤੱਕ ਵਧਾ ਦਿੱਤੀ ਗਈ ਹੈ। ਡੀਜੀਸੀਏ ਨੇ ਕਿਹਾ ਕਿ ਹਾਲਾਂਕਿ ਸਮਰਥ ਅਥਾਰਟੀ ਦੁਆਰਾ ਚੁਣੇ ਗਏ ਰੂਟਾਂ 'ਤੇ ਅੰਤਰਰਾਸਟਰੀ ਉਡਾਣਾਂ ਦੀ ਆਗਿਆ ਦਿੱਤੀ ਜਾ ਸਕਦੀ ਹੈ।

## ਰੋਹਿਤ ਚਮੋਲੀ ਨੇ ਜਿੱਤਿਆ ਏਸ਼ਿਆਈ ਮੁੱਕੇਬਾਜ਼ੀ ਵਿਚ ਸੋਨ ਤਗਮਾ



**ਨਵੀਂ ਦਿੱਲੀ/ਕਪੂਰ**

ਭਾਰਤ ਨੇ ਦੁਬਈ ਵਿੱਚ ਖੇਡੀ ਜਾ ਰਹੀ ਏਸ਼ਿਆਈ ਜੂਨੀਅਰ ਮੁੱਕੇਬਾਜੀ ਚੈਂਪੀਅਨਸ਼ਿਪ ਵਿੱਚ ਅੱਜ ਲੜਕਿਆਂ ਅਤੇ ਲੜਕੀਆਂ ਦੇ ਵਰਗ ਵਿੱਚ ਮੁੱਕੇਬਾਜਾਂ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਛੇ ਸੋਨ ਤਗਮੇ ਆਪਣੀ ਝੋਲੀ ਪਾਏ। ਕੌਮੀ ਚੈਂਪੀਅਨ ਰੋਹਿਤ ਚਮੋਲੀ (48 ਕਿਲੋ ਭਾਰ ਵਰਗ) ਅਤੇ ਭਰਤ ਜੂਨ (81 ਕਿਲੋ ਤੋਂ ਵੱਧ) ਨੇ ਲੜਕਿਆਂ ਦੇ ਵਰਗ ਵਿੱਚ ਸੋਨ ਤਗਮਾ ਜਿੱਤ ਕੇ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਲੜਕੀਆਂ ਦੇ ਵਰਗ ਵਿੱਚ ਵੀਸ਼ੂ ਰਾਠੀ (48 ਕਿਲੋ), ਤਨੂ (52 ਕਿਲੋ), ਨਿਕਿਤਾ ਚੰਦ (60 ਕਿਲੋ) ਅਤੇ ਮਾਹੀ ਰਾਘਵ (63 ਕਿਲੋ) ਨੇ ਫਾਈਨਲ ਮੁਕਾਬਲੇ ਜਿੱਤੇ। ਚਮੋਲੀ ਨੇ ਮੰਗੋਲੀਆ ਦੇ ਖਿਡਾਰੀ ਓਟਗੋਂਬਾਯਰ ਤੁਵਸ਼ਿਨਜਾਯਰ ਨੂੰ ਕਰੀਬੀ ਮੁਕਾਬਲੇ ਵਿੱਚ ਹਰਾਇਆ।

## ਪੁਲਿਸ ਵਲੋਂ ਕਰਨਾਲ ਵਿਚ ਲਾਠੀਚਾਰਜ 'ਚ ਜਖਮੀ ਕਿਸਾਨ ਦੀ ਹੋਈ ਮੌਤ

**ਮਾਨਸਾ/ਲੋਕ ਬਾਣੀ**

ਹਰਿਆਣਾ ਦੇ ਕਰਨਾਲ ਵਿੱਚ ਬੀਤੇ ਦਿਨੇ ਪੁਲੀਸ ਵੱਲੋਂ ਕੀਤੇ ਲਾਠੀਚਾਰਜ ਵਿੱਚ ਜਖਮੀ ਹੋਏ ਕਿਸਾਨ ਸੁਸੀਲ ਕਾਜਲ ਦੀ ਮੌਤ ਹੋ ਗਈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਲ੍ਹਿਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂ ਦਰਸਨ ਸਿੰਘ ਗੁਰਨੇ ਕਲਾਂ ਵਲੋਂ ਸੋਸਲ ਮੀਡੀਆ ਜਰੀਏ ਇਸ ਦੀ ਪੁਸ਼ਟੀ ਕੀਤੀ ਗਈ ਹੈ। ਕਿਸਾਨ ਆਗੂਆਂ ਅਨੁਸਾਰ ਸੁਸ਼ੀਲ ਢਾਈ ਏਕੜ ਜਮੀਨ ਦਾ ਮਾਲਕ ਸੀ ਤੇ ਕਿਸਾਨੀ ਸੰਘਰਸ ਵਿਚ ਲੰਬੇ ਸਮੇਂ ਤੋਂ ਹਿੱਸਾ ਲੈਂਦਾ ਆ ਰਿਹਾ ਸੀ। ਕਿਸਾਨ ਜਥੇਬੰਦੀਆਂ ਅਨੁਸਾਰ ਸੁਸੀਲ ਦਾ ਪਿੰਡ ਰਾਏਪੁਰ ਜਟਾਣਾ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੂਬਾਈ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਦਿੱਲੀ ਤੋਂ ਗੱਲਬਾਤ ਕਰਦਿਆਂ ਦੱਸਿਆ ਕਿ ਸਹੀਦ ਹੋਏ ਕਿਸਾਨ ਦੀ ਮੌਤ ਸਬੰਧੀ ਸੰਘਰਸ ਲਈ ਹਰਿਆਣਾ ਕਿਸਾਨ ਜਥੇਬੰਦੀ ਨੇ ਮੀਟਿੰਗ ਬੁਲਾਈ ਹੈ, ਜਿਸ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਉਨ੍ਹਾਂ ਨਾਲ ਗੱਲਬਾਤ ਕਰਕੇ ਅੰਦੋਲਨ ਨੂੰ ਵਧਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਲਾਠੀਚਾਰਜ ਲਈ ਭੜਕਾਉਣ ਵਾਲੇ ਐੱਸਡੀਐੱਮ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਅਤੇ ਮੌਤ ਲਈ ਜੰਮਿੇਵਾਰੀ ਦਾ ਮਾਮਲਾ ਦਰਜ ਕਰਾਉਣ ਲਈ ਸੰਘਰਸ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੀ ਤਰਜ 'ਤੇ ਹਰਿਆਣਾ ਸਰਕਾਰ ਪਾਸੋਂ ਸਹੀਦ ਦੇ ਪਰਿਵਾਰ ਲਈ ਦਸ ਲੱਖ ਰੁਪਏ ਮੁਆਵਜੇ, ਕਰਜਾ ਮੁਆਫੀ ਅਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੀ ਮੰਗ ਕੀਤੀ ਜਾਵੇਗੀ।



## ਮਹਾਰਾਸ਼ਟਰ ਦੇ ਇਸ ਪਿੰਡ ਨੂੰ ਮਿਲੀ ਮੁਫ਼ਤ ਵਾਈ-ਫਾਈ ਦੀ ਸਹੂਲਤ, ਵਿਦਿਆਰਥੀਆਂ ਦੀ ਪਰੇਸ਼ਾਨੀ ਹੋਈ ਖ਼ਤਮ

**ਲਾਤੂਰ/ਲੋਕ ਬਾਣੀ :** ਮਹਾਰਾਸ਼ਟਰ ਦੇ ਲਾਤੂਰ ਜ਼ਿਲ੍ਹੇ ਦਾ ਇਕ ਪਿੰਡ ਮੁਫ਼ਤ ਵਾਈ-ਫਾਈ ਕਨੈਕਸ਼ਨ ਪਾਉਣ ਵਾਲਾ ਪਹਿਲਾ ਅਜਿਹਾ ਪਿੰਡ ਬਣ ਗਿਆ ਹੈ, ਜਿੱਥੇ ਵਿਦਿਆਰਥੀ ਹੁਣ ਨੈੱਟਵਰਕ ਦੀ ਚਿੰਤਾ ਕੀਤੇ ਬਿਨਾਂ ਆਨਲਾਈਨ ਜਮਾਤਾਂ ਲਾ ਸਕਣਗੇ। ਡਿਵੀਜ਼ਨ ਵਿਕਾਸ ਅਧਿਕਾਰੀ (ਬੀ. ਡੀ. ਓ.) ਮਨੋਜ ਰਾਊਤ ਨੇ ਕਿਹਾ ਕਿ ਮੁਫ਼ਤ ਇੰਟਰਨੈੱਟ ਸੇਵਾ ਦਿੰਦੇ ਸਮੇਂ ਗੈਰ-ਜ਼ਰੂਰੀ ਲਾਈਟਾਂ ਨੂੰ ਬਲਾਕ ਕਰ ਦਿੱਤਾ ਗਿਆ ਹੈ। ਰਾਊਤ ਨੇ ਕਿਹਾ ਕਿ ਇਹ ਪਹਿਲ ਡਿਵੀਜ਼ਨਲ ਕਮਿਸ਼ਨਰ ਸੁਨੀਲ ਕੇਂਦ੍ਰੇਕਰ ਵਲੋਂ ਪ੍ਰਸਤਾਵਿਤ 'ਸੁੰਦਰ ਮਾਝਾ ਪਿੰਡ' (ਮੇਰਾ ਸੁੰਦਰ ਪਿੰਡ) ਪ੍ਰੋਗਰਾਮ ਦਾ ਹਿੱਸਾ ਹੈ ਅਤੇ ਜ਼ਿਲ੍ਹਾ ਪਰੀਸ਼ਦ ਦੇ ਸੀ. ਈ. ਓ. ਅਭਿਨਵ ਗੋਇਲ ਦੀ ਬਾਲਾ ਪਹਿਲ ਹੈ।




## ਇਟਲੀ : ਗ੍ਰੀਨ ਪਾਸ ਨਾ ਹੋਣ ਦੀ ਸੂਰਤ 'ਚ 1000 ਯੂਰੋ ਦਾ ਜੁਰਮਾਨਾ

**ਮਿਲਾਨ/ਲੋਕ ਬਾਣੀ**

ਇਟਲੀ ਸਰਕਾਰ ਲੋਕਾਂ ਦੀਆਂ ਸਿਹਤ ਸਹੂਲਤਾਂ ਨੂੰ ਲੈਕੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕਰਨ ਲਈ ਤਿਆਰ ਨਹੀਂ ਹੈ। ਜਿੱਥੇ ਇਕ ਪਾਸੇ 1 ਸਤੰਬਰ ਤੋ ਗ੍ਰੀਨ ਪਾਸ ਨੂੰ ਲਾਜਮੀ ਕਰ ਦਿੱਤਾ ਗਿਆ ਹੈ ਉੱਥੇ ਇਹ ਗ੍ਰੀਨ ਪਾਸ ਲੋਕਾਂ ਲਈ ਖਾਸ ਕਰਕੇ ਕਾਰੋਬਾਰੀ, ਅਦਾਰਿਆ ਹੋਟਲ, ਰੈਸਟੋਰੈਂਟ ਤੇ ਸੈਰ ਸਪਾਟੇ ਨਾਲ ਸਬੰਧਤ ਅਦਾਰਿਆਂ ਲਈ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ। ਜਿਸ ਦੀ ਤਾਜਾ ਮਿਸਾਲ ਉੱਤਰੀ ਇਟਲੀ ਦੇ ਸ਼ਹਿਰ (ਰਵੀਗੋ) ਦੇ "ਪੋਰਤਾ ਤੋਲੇ, ਤੋਂ ਮਿਲਦੀ ਹੈ।


## ਬਠਿੰਡਾ ਤੋਂ ਪੱਤਰਕਾਰ ਦੀ ਨਿਯੁਕਤੀ



ਰੋਜਾਨਾ ਲੋਕ ਬਾਣੀ ਅਖਬਾਰ ਵਲੋਂ ਰਾਮਾ ਮੰਡੀ ਬਠਿੰਡਾ ਤੋਂ ਪਤਰਕਾਰ ਅਨਿਲ ਕੁਮਾਰ ਨੂੰ ਅਦਾਰੇ ਵਲੋ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ ਖਬਰਾਂ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

9988334199
700962365

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਸਮਸੇਰਪੁਰ ਚ ਨਵਾ ਪੁਲ ਬਣਾਉਂਣ ਲਈ 26 ਲੱਖ ਰੂ ਚੌਧਰੀ ਨੇ ਕਰਵਾਏ ਮਨਜ਼ੂਰ : ਡਾ ਕਿਰਪਾਲ



**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਕੈਬਨਿਟ ਮੰਤਰੀ ਪੰਜਾਬ ਸ੍ਰੀਮਤੀ ਅਰੁਣਾ ਚੌਧਰੀ ਵੱਲੋਂ ਸਰਹੱਦੀ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖਦੇ ਹੋਏ ਪਿੰਡ ਸਮਸੇਰਪੁਰ ਚ ਨੌਮਣੀ ਨਾਲੇ ਉਪਰ ਨਵਾ ਪੁਲ ਬਣਾਉਂਣ ਲਈ 26 ਲੱਖ ਰੂ ਦੀ ਗ੍ਰਾਂਟ ਮਨਜ਼ੂਰ ਕਰਵਾ ਦਿੱਤੀ ਗਈ ਹੈ , ਜਿਸ ਦੀ ਸਹੀ ਵਰਤੋਂ ਕਰਦੇ ਹੋਏ ਪੁਲ ਬਣਾਉਂਣ ਦਾ ਕੰਮ ਕੁੱਝ ਹੀ ਦਿਨਾਂ ਵਿੱਚ ਸੁਰੂ ਕਰ ਦਿੱਤਾ ਜਾਵੇਗਾ। ਇਸ ਨਵੇਂ ਪੁਲ ਬਣਾਉਂਣ ਸਬੰਧੀ ਜਾਣਕਾਰੀ ਡਾ ਕਿਰਪਾਲ ਸਿੰਘ ਸਰਪੰਚ ਸਮਸੇਰਪੁਰ ਵੱਲੋਂ ਦਿੱਤੀ ਗਈ ਹੈ ।ਪੁਲ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਡਾ ਕਿਰਪਾਲ ਸਿੰਘ ਵੱਲੋਂ ਕਿਹਾ ਕਿ ਇਹ ਪੁਲ ਜੋ ਪਿੰਡ ਸਮਸੇਰਪੁਰ ਵਿੱਚ ਹੈ , ਜੋ ਕਿ 75 ਸਾਲਾਂ ਦੇ ਸਮੇਂ ਤੋਂ ਲੋਕ ਇਸ ਨੌਮਣੀ ਨਾਲੇ ਵਿੱਚੋਂ ਹੀ ਗੁਜਰ ਕੇ ਆਪਣੇ ਖੇਤੀ ਕੰਮਾਂ ਨੂੰ ਕਰਦੇ ਆ ਰਹੇ ਸਨ , ਪਰ ਅਰੁਣਾ ਚੌਧਰੀ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਜ ਤੋਂ ਪੰਦਰਾਂ ਸਾਲ ਪਹਿਲਾ ਇਸ ਨੌਮਣੀ ਨਾਲੇ ਉਪਰ ਲੋਹੇ ਦੇ ਢੋਲ ਲਗਾਅ ਕੇ ਆਰਜੀ ਪੁਲ ਬਣਾਇਆ ਗਿਆ ਸੀ ,ਜੋ ਕਿ ਕਿਸਾਨ ਭਰਾਵਾਂ ਨੂੰ ਇਕ ਬਹੁਤ ਵੱਡੀ ਰਾਹਤ ਦਿੰਦਾ ਰਿਹਾ ਹੈ । ਡਾ ਕਿਰਪਾਲ ਵੱਲੋਂ ਕਿਹਾ ਕਿ ਇਸ ਨੌਮਣੀ ਨਾਲੇ ਤੇ ਨਵਾ ਪੁਲ ਬਣਾਉਂਣ ਸਬੰਧੀ ਮੰਤਰੀ ਸਾਹਿਬਾ ਨੂੰ ਬੇਨਤੀ ਕੀਤੀ ਗਈ ਸੀ , ਜਿਸ ਤੇ ਕੈਬਨਿਟ ਮੰਤਰੀ ਪੰਜਾਬ ਸ੍ਰੀਮਤੀ ਅਰੁਣਾ ਚੌਧਰੀ ਅਤੇ ਸੀਨੀਅਰ ਕਾਂਗਰਸੀ ਆਗੂ ਅਸੋਕ ਚੌਧਰੀ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ,ਇਸ ਆਰਜੀ ਪੁਲ ਨੂੰ ਨਵਾ ਪੁਲ ਬਣਾਉਂਣ ਲਈ 26 ਲੱਖ ਰੂ ਮਨਜੂਰ ਕਰ ਦਿੱਤੇ ਗਏ ਹਨ , ਉੱਚ ਅਧਿਕਾਰੀਆਂ ਕੋਲੋ ਨਵਾ ਪੁਲ ਬਣਾਉਂਣ ਲਈ ਸਰਵੇ ਵੀ ਕਰਵਾ ਦਿੱਤਾ ਗਿਆ ਹੈ । ਇਸ ਪੁਲ ਦੇ ਬਣਨ ਨਾਲ ਜਿੱਥੇ ਕਿਸਾਨ ਵੀਰਾਂ ਨੂੰ ਰਾਹਤ ਮਿਲੇਗੀ , ਉੱਥੇ ਸਕੂਲ ਜਾਣ ਵਾਲੇ ਵਿਦਿਆਰਥੀਆਂ ਨੂੰ ਵੀ ਬਹੁਤ ਵੱਡਾ ਫਾਇਦਾ ਹੋਵੇਗਾ। ਇਸ ਸਮੇਂ ਸਰਪੰਚ ਕਿਰਪਾਲ ਸਿੰਘ ਸਮਸੇਰਪੁਰ ਵੱਲੋਂ ਸਮੂਹ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਮੰਤਰੀ ਅਰੂਣਾ ਚੌਧਰੀ ਅਤੇ ਸੀਨੀਅਰ ਕਾਂਗਰਸੀ ਆਗੂ ਅਸੋਕ ਚੌਧਰੀ ਦਾ ਨਵਾ ਪੁਲ ਬਣਾਉਂਣ ਲਈ 26 ਲੱਖ ਰੂ ਦੀ ਰਾਸੀ ਜਾਰੀ ਕਰਨ ਤੇ ਧੰਨਵਾਦ ਕੀਤਾ ਗਿਆ ।

# ਹਰਿਆਣਾ ਦੇ ਕਿਸਾਨਾਂ ਦੁਆਰਾ ਹਰਿਆਣਾ ਦੇ ਮੁੱਖ ਮੰਤਰੀ ਖੱਟੜ ਦਾ ਵਿਰੋਧ ਕੀਤਾ

**ਪਟਿਆਲਾ/ਜਗਦੀਸ ਰਾਈਕਾ**

ਬੀਤੇ ਕੱਲ੍ਹ ਹਰਿਆਣਾ ਦੇ ਕਿਸਾਨਾਂ ਦੁਆਰਾ ਹਰਿਆਣਾ ਦੇ ਮੁੱਖ ਮੰਤਰੀ ਖੱਟੜ ਦਾ ਵਿਰੋਧ ਕੀਤਾ ਜਾ ਰਿਹਾ ਸੀ ਪਰ ਕਰਨਾਲ ਦੇ ਐੱਸ ਡੀ ਐੱਮ ਦੁਆਰਾ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਰੋਕਣ ਦੇ ਹੁਕਮ ਦਿੱਤੇ ਗਏ ਜਿਸ ਸਦਕਾ ਕਰਨਾਲ ਦੀ ਪੁਲਿਸ ਵੱਲੋਂ ਕਿਸਾਨਾਂ ਨੂੰ ਬੁਰੇ ਤਰੀਕੇ ਨਾਲ ਕੁੱਟਿਆ ਗਿਆ।ਜਿਸ ਵਿਚ ਕਈ ਕਿਸਾਨ ਗੰਭੀਰ ਰੂਪ ਵਿਚ ਜਖਮੀ ਹੋਏ। ਜਿਸ ਦੇ ਵਿਰੋਧ ਵਜੋਂ ਅੱਜ ਪੂਰੇ ਪੰਜਾਬ ਵਿਚ ਦੋ ਘੰਟੇ ਲਈ ਰਾਸਟਰੀ ਮਾਰਗ ਬੰਦ ਕੀਤੇ। ਇਸ ਸੱਦੇ ਨੂੰ ਲਾਗੂ ਕਰਦੇ ਹੋਏ ਅੱਜ ਧਰੇੜੀ ਜੱਟਾਂ ਟੋਲ ਪਲਾਜਾ ਕੋਲ ਰਾਜਪੁਰਾ ਤੋਂ ਪਟਿਆਲਾ ਰਾਸਟਰੀ ਮਾਰਗ ਦੋ ਘੰਟੇ (ਦੁਪਹਿਰ 12 ਤੋਂ 2 ਵਜੇ) ਲਈ ਬੰਦ ਕੀਤਾ ਗਿਆ। ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਪ੍ਰਧਾਨ ਸੁਰਜੀਤ ਸਿੰਘ ਫੂਲ ਵਿਸੇਸ ਤੌਰ ਤੇ ਪੁੱਜੇ।ਉਹਨਾਂ ਨੇ ਕਿਸਾਨਾਂ ਤੇ ਹੋਏ ਲਾਠੀਚਾਰਜ ਦੀ ਜੋਰਦਾਰ ਨਿੰਦਾ ਕੀਤੀ ਅਤੇ ਪ੍ਰਸਾਸਨ ਉੱਪਰ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ।ਉਹਨਾਂ ਨੇ ਦਿੱਲੀ ਧਰਨੇ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਅਤੇ ਧਰਨੇ ਨੂੰ ਹੋਰ ਮਜਬੂਤ ਕਰਨ ਦਾ ਹੋਕਾ ਦਿੱਤਾ।ਅੱਜ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕ੍ਰਾਂਤੀਕਾਰੀ ਦੇ ਜਲ੍ਹਿਾ ਪਟਿਆਲਾ ਵੱਲੋਂ 10 ਵਜੇ ਸਵੇਰੇ ਇਕੱਠ ਰੱਖਿਆ ਗਿਆ ਸੀ ਅਤੇ ਅੱਜ ਅਚਾਨਕ ਦੋ ਘੰਟੇ ਰੋਡ ਜਾਮ ਕਰਨ ਦਾ ਸੱਦਾ ਵੀ ਪੁਰਜੋਰ ਰੂਪ ਵਿਚ ਲਾਗੂ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਕ੍ਰਾਂਤੀਕਾਰੀ ਦੇ ਯੂਥ ਵਿੰਗ ਦਾ ਭਰਵਾਂ ਯੋਗਦਾਨ ਰਿਹਾ। ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜਲ੍ਹਿਾ ਪਟਿਆਲਾ ਦੇ ਵੱਖ-ਵੱਖ ਇਕਾਈਆਂ ਦੇ ਨੁਮਾਇੰਦੇ ਵਿਸੇਸ ਤੌਰ ਤੇ ਪੁੱਜੇ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਯੂਥ ਵਿੰਗ ਦੇ ਆਗੂ ਕੁਲਦੀਪ ਕੌਰ ਅਤੇ ਮਨਿੰਦਰ ਸਿੰਘ ਤਰਖਾਣ ਮਾਜਰਾ, ਕ੍ਰਾਂਤੀਕਾਰੀ ਦੇ ਆਗੂ ਸੁਰਿੰਦਰਪਾਲ ਸਿੰਘ ਗੌਂਸਪੁਰ, ਗੁਰਨਾਮ ਢੈਂਠਲ, ਰਾਮਕਰਨ, ਬਲਕਾਰ ਢੀਂਡਸਾ, ਇੰਦਰਮੋਹਨ ਘੁਮਾਣਾ, ਰਵਿੰਦਰ ਕੌਲੀ, ਸੁਰਿੰਦਰ ਕਕਰਾਲਾ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ। ਇਸ ਸਮੇਂ ਸਹਿਯੋਗੀ ਜਥੇਬੰਦੀਆਂ ਜਿਵੇਂ ਡੀ ਐੱਲ ਏ ਵੱਲੋਂ ਰਾਜੀਵ ਲੋਟਬੱਦੀ ਅਤੇ ਅਮਰਜੀਤ, ਤਰਕਸੀਲ ਸੁਸਾਇਟੀ ਦੇ ਆਗੂ, ਡੀ ਐੱਸ ਓ ਪੰਜਾਬ ਦੇ ਆਗੂ ਵਿਕਰਮ ਬਾਗੀ ਅਤੇ ਰਾਜਵੀਰ ਵੀ ਵਿਸੇਸ ਤੌਰ ਤੇ ਪੁੱਜੇ।ਇਸ ਸਮੇਂ ਸਟੇਜ ਸਕੱਤਰ ਦੀ ਭੂਮਿਕਾ ਕ੍ਰਾਂਤੀਕਾਰੀ ਦੇ ਜਲ੍ਹਿਾ ਪ੍ਰਧਾਨ ਰਣਜੀਤ ਸਿੰਘ ਸਵਾਜਪੁਰ ਨੇ ਨਿਭਾਈ ਅਤੇ ਉਹਨਾਂ ਨੇ ਬਲਾਕ ਅਤੇ ਪਿੰਡ ਇਕਾਈਆਂ ਦਾ ਧੰਨਵਾਦ ਕੀਤਾ। ਜਕਿਰਯੋਗ ਹੈ ਕਿ ਅੱਜ ਪੂਰੇ ਦਿਨ ਦੇ ਲੰਗਰ ਦਾ ਪ੍ਰਬੰਧ ਪਿੰਡ ਆਲਮਪੁਰ ਦੇ ਵਾਸੀਆਂ ਵੱਲੋਂ ਕੀਤਾ ਗਿਆ।




# NSQF ਅਧਿਆਪਕਾਂ ਵਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਪਟਿਆਲਾ ਦੁੱਖ ਨਿਵਾਰਨ ਸਾਹਿਬ ਚੌਂਕ ਜਾਮ ਕੀਤਾ ਗਿਆ



**ਪਟਿਆਲਾ/ਜਗਦੀਸ ਰਾਈਕਾ**

NSQF ਵੋਕੇਸ਼ਨਲ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰਾਇ ਸਾਹਿਬ ਸਿੰਘ ਸਿੱਧੂ ਵਲੋਂ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਦਿੱਤੀ ਕਿ ਪਿਛਲੇ 82 ਦਿਨਾਂ ਤੋਂ ਹਰ ਤਰ੍ਹਾਂ ਦੇ ਮੌਸਮ ਦਾ ਸਾਹਮਣਾ ਕਰਦੇ ਅਧਿਆਪਕ ਆਪਣੀਆਂ ਮੰਗਾਂ ਦੀ ਪੂਰਤੀ ਲਈ 'ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲਾ' ਵਿਖੇ ਪੱਕਾ ਧਰਨਾ ਲਾਕੇ ਬੈਠੇ ਹੋਏ ਹਨ ਅਤੇ ਅੱਜ ਤੱਕ ਉਹਨਾਂ ਦੀ ਕਿਸੇ ਵੀ ਮੰਗ ਨੂੰ ਪੂਰਾ ਨਹੀਂ ਕੀਤਾ ਗਿਆ ਅਤੇ ਉਹਨਾਂ ਦਾ ਕਹਿਣਾ ਹੈ ਕਿ ਹਰ ਵਾਰ ਮੀਟਿੰਗ ਵਿੱਚ ਸਾਡੇ ਤੋਂ ਸਮਾਂ ਮੰਗ ਲਿਆ ਜਾਂਦਾ ਹੈ ਅਤੇ ਸਿੱਖਿਆ ਮੰਤਰੀ ਨਾਲ ਮੀਟਿੰਗ ਦਾ ਲਾਰਾ ਲਾਇਆ ਗਿਆ ਜਿਸ ਨੂੰ ਇੱਕ ਹਫਤਾ ਬੀਤ ਗਿਆ ਪਰ ਹਾਲੇ ਤੱਕ ਕੋਈ ਸਮਾਂ ਨਾ ਦੇਣ ਕਰਕੇ NSQF ਵੋਕੇਸ਼ਨਲ ਅਧਿਆਪਕਾਂ ਵਿੱਚ ਬਹੁਤ ਜ਼ਿਆਦਾ ਰੋਸ ਵਧ ਗਿਆ ਹੈ, ਅੱਜ ਅਧਿਆਪਕਾਂ ਨੇ ਇਹਨਾਂ ਦੇ ਝੂਠੇ ਲਾਰਿਆਂ ਤੋਂ ਅੱਕ ਕੇ ਰੋਸ ਮਾਰਚ ਕੱਢਿਆ ਅਤੇ ਦੁੱਖ ਨਿਵਾਰਨ ਸਾਹਿਬ ਚੌਂਕ ਨੂੰ ਜਾਮ ਕੀਤਾ ਗਿਆ। NSQF ਸੂਬਾ ਪ੍ਰਧਾਨ ਰਾਇ ਸਾਹਿਬ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਅਸੀਂ ਮੰਗ ਕਰਦੇ ਹਾਂ ਕਿ ਸਰਕਾਰੀ ਸਕੂਲਾਂ ਵਿੱਚੋਂ ਕੰਪਨੀਆਂ ਨੂੰ ਬਾਹਰ ਕੱਢਿਆ ਜਾਵੇ ਅਤੇ ਅਧਿਆਪਕਾਂ ਨੂੰ ਬਰਾਬਰ ਕੰਮ ਦੇ ਆਧਾਰ ਤੇ 40000 ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇ।

# ਕੈਪਟਨ ਸੰਦੀਪ ਸੰਧੂ ਨੇ ਤਕਰੀਬਨ 25 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੀਵਰੇਜ ਵਾਲੀਆਂ ਇੰਟਰਲਾਕ ਗਲੀਆਂ ਦਾ ਕੀਤਾ ਉਦਘਾਟਨ



**ਚੱਕ ਕਲਾਂ/ਲੋਕ ਬਾਣੀ**

ਅੱਜ ਕੈਪਟਨ ਸੰਦੀਪ ਸਿੰਘ ਸੰਧੂ, ਸਿਆਸੀ ਸਲਾਹਕਾਰ, ਮੁੱਖ ਮੰਤਰੀ ਪੰਜਾਬ ਨੇ ਪਿੰਡ ਚੱਕ ਕਲਾਂ ਵਿਖੇ ਤਕਰੀਬਨ 25 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਗਲੀਆਂ ਜਿਨ੍ਹਾਂ ਵਿੱਚ ਸੀਵਰੇਜ ਰਾਹੀਂ ਗੰਦੇ ਪਾਣੀ ਦਾ ਨਿਕਾਸ ਕੀਤਾ ਗਿਆ ਅਤੇ ਗਲੀਆਂ ਵਿੱਚ ਇੰਟਰਲਾਕ ਟਾਈਲਾਂ ਲਗਾਈਆਂ ਹਨ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਪਿੰਡ ਦੇ ਸਰਪੰਚ ਸ਼੍ਰੀ ਅਜਮਿੰਦਰ ਸਿੰਘ ਧਾਲੀਵਾਲ, ਬਲਾਕ ਪ੍ਰਧਾਨ ਸ੍. ਮਨਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ। ਪਿੰਡ ਦੇ ਸਰਪੰਚ ਅਤੇ ਮੋਧਵਾਰ ਵਿਅਕਤੀਆਂ ਵੱਲੋਂ ਪਿੰਡ ਪਹੁੰਚਣ 'ਤੇ ਕੈਪਟਨ ਸੰਦੀਪ ਸਿੰਘ ਸੰਧੂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਰਪੰਚ ਸ਼੍ਰੀ ਅਜਮਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਵਾਲੀਆਂ ਦੀ ਕਾਫੀ ਲੰਮੇ ਸਮੇਂ ਤੋਂ ਗਲੀਆਂ ਨਾਲੀਆਂ ਵਿੱਚ ਸੀਵਰੇਜ਼ ਪਾਉਣ ਅਤੇ ਗਲੀਆਂ ਵਿੱਚ ਇੰਟਰਲਾਕ ਟਾਈਲਾਂ ਲਗਵਾਉਣ ਦੀ ਮੰਗ ਸੀ ਜਿਹੜੀ ਕਿ ਕੈਪਟਨ ਸੰਧੂ ਵੱਲੋਂ ਪੂਰੀ ਕੀਤੀ ਗਈ। ਸਰਪੰਚ ਅਜਮਿੰਦਰ ਧਾਲੀਵਾਲ ਨੇ ਸਮੂਹ ਨਗਰ ਨਿਵਾਸੀ ਅਤੇ ਪੰਚਾਇਤ ਵੱਲੋਂ ਕੈਪਟਨ ਸੰਧੂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕੈਪਟਨ ਸੰਧੂ ਦੇ ਵਿਕਾਸ ਕਾਰਜਾਂ ਦੀ ਨੁਹਾਰ ਹਰ ਪਾਸੇ ਦਿਖਾਈ ਦੇ ਰਹੀ ਹੈ ਉਨ੍ਹਾਂ ਕਿਹਾ ਕਿ ਕੈਪਟਨ ਸੰਧੂ ਵੱਲੋਂ ਪਿੰਡ ਦੇ ਵਿਕਾਸ ਲਈ ਗ੍ਰਾਂਟ ਦੀ ਕਮੀ ਨਹੀਂ ਆਉਣ ਦਿੱਤੀ, ਜਿਸ ਸਦਕਾ ਪਿੰਡ ਚੱਕ ਕਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਕੈਪਟਨ ਸੰਧੂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪਿੰਡਾਂ ਵਿੱਚ ਗਲੀਆਂ ਦੇ ਸੀਵਰੇਜ਼ ਅਤੇ ਪੱਕਾ ਕਰਨ ਦੇ ਕੰਮ ਅਧੂਰੇ ਪਏ ਸਨ ਜਿਨ੍ਹਾਂ ਨੂੰ ਹੁਣ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕਾ ਦਾਖਾ ਦੇ ਹਰ ਪਿੰਡ ਦੀ ਤਸਵੀਰ ਬਦਲੀ ਜਾ ਰਹੀ ਹੈ, ਜਿਸ ਅਧੀਨ ਪਿੰਡ ਚੱਕ ਕਲਾਂ ਦੇ ਵਿਕਾਸ ਅਤੇ ਪਿੰਡ ਦੀ ਸੁੰਦਰਤਾ ਵੱਲ ਕੰਮ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਚੱਕ ਕਲਾਂ ਦੇ ਲੋਕਾਂ ਦੀਆਂ ਸਾਰੀਆਂ ਛੋਟੀਆਂ ਵੱਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਯਤਨ ਕੀਤੇ ਜਾਂਦੇ ਹਨ ਅਤੇ ਪਿੰਡ ਦੇ ਵਿਕਾਸ ਲਈ ਕੋਈ ਕਸਰ ਨਹੀਂ ਛੱਡੀ ਜਾ ਰਹੀ।

# ਪਿੰਡ ਚੱਕਰਾਜਾ ਦੀ ਇਕ 30 ਸਾਲਾਂ ਵਿਆਹਤਾ ਔਰਤ ਹੋਈ ਲਾਪਤਾ

**ਗੁਰਦਾਸਪੁਰ/ਨਵਨੀਤ ਕੁਮਾਰ/ਮੰਗੋਤਰਾ ਸਾਬ**

ਪੁਲਿਸ ਥਾਣਾ ਦੋਰਾਂਗਲਾ ਅਧੀਂਨ ਆਉਂਦੇ ਪਿੰਡ ਚੱਕਰਾਜਾ ਦੀ ਇੱਕ 30 ਸਾਲਾਂ ਵਿਆਹੁਤਾ ਔਰਤ ਦੀ ਲਾਪਤਾ ਹੋਣ ਦੀ ਖਬਰ ਪ੍ਰਾਪਤ ਹੋਈ ਹੈ ।ਇਸ ਸਬੰਧੀ ਜਾਣਕਾਰੀ ਲਾਪਤਾ ਅਮਰਜੀਤ ਦੇ ਪਤੀ ਸੋਮ ਰਾਜ ਪਿੰਡ ਚੱਕਰਾਜਾ ਵੱਲੋਂ ਸਰਪੰਚਪਤੀ ਅਮਰ ਜੱਜ ਦੀ ਅਗਵਾਈ ਵਿੱਚ ਦਿੰਦੇ ਹੋਏ ਦੱਸਿਆ ਕਿ ਮੇਰੀ ਪਤਨੀ ਅਮਰਜੀਤ ਜੋ ਕਿ ਘਰੋਂ 23 ਅਗਸਤ 2021 ਨੂੰ ਘਰੋਂ ਬਿਜਲੀ ਦਾ ਬਿੱਲ ਜਮਾ ਕਰਵਾਉਂਣ ਲਈ ਬਿਜਲੀ ਘਰ ਟੋਟਾ ਵਿੱਖੇ ਗਈ ਸੀ ,ਪਰ ਅੱਜ ਤੱਕ ਘਰ ਵਾਪਸ ਨਹੀ ਪਹੁੰਚੀ । ਉਹਨਾ ਕਿਹਾ ਕਿ ਅਮਰਜੀਤ ਦੀ ਭਾਲ ਉਹਨਾਂ ਆਪਣੇ ਸਹੁਰੇ ਘਰ ਅਤੇ



ਆਸ ਪਾਸ ਦੇ ਇਲਾਕੇ ਵਿੱਚ ਕੀਤੀ ਹੈ,ਪਰ ਉਸ ਦਾ ਕੋਈ ਵੀ ਪਤਾ ਨਹੀ ਚੱਲ ਰਿਹਾ ,ਘਰ ਪਰਿਵਾਰ ਵਿੱਚ ਇੱਕ ਲੜਕਾ,ਲੜਕੀ ਹੈ ,ਜਿਹਨਾ ਦਾ ਰੋ ਰੋ ਕੇ ਬਹੁਤ ਮਾੜਾ ਹਾਲ ਹੈ । ਅਮਰਜੀਤ ਦੇ ਲਾਪਤਾ ਹੋਣ ਸਬੰਧੀ ਜਾਣਕਾਰੀ ਸਬੰਧਤ ਪੁਲਿਸ ਥਾਣਾ ਦੋਰਾਂਗਲਾ ਵਿੱਖੇ ਦੇ ਦਿੱਤੀ ਗਈ ਹੈ,ਥਾਣਾ ਮੁੱਖੀ ਵੱਲੋਂ ਸੋਮ ਰਾਜ ਨੂੰ ਭਰੋਸਾ ਦਿੱਤਾ ਹੈ ਕਿ ਬਹੁਤ ਜਲਦ ਲਾਪਤਾ ਹੋਈ ਔਰਤ ਨੂੰ ਲੱਭ ਲਿਆ ਜਾਵੇਗਾ । ਇਸ ਸਮੇਂ ਸਰਪੰਚਪਤੀ ਅਮਰ ਜੱਜ ਅਤੇ ਸੋਮ ਰਾਜ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਸ ਦੀ ਪਤਨੀ ਸਬੰਧੀ ਕੋਈ ਜਾਣਕਾਰੀ ਮਿਲੇ ਤਾਂ ਉਹ ਸਬੰਧਤ ਥਾਣਾ ਦੋਰਾਂਗਲਾ ਦੇ ਧਿਆਨ ਵਿੱਚ ਜਰੂਰ ਲਿਆਉਂਣ।

# ਕੈਪਟਨ ਸੰਦੀਪ ਸੰਧੂ ਦੀ ਅਗਵਾਈ ਹੇਠ ਪਿੰਡ ਚੱਕ ਕਲਾਂ, ਬਾਣੀਏਵਾਲ, ਕੁਲਗਹਿਣਾ ਅਤੇ ਰਾਮਪੁਰ ਦੇ ਵੱਡੀ ਗਿਣਤੀ ਪਰਿਵਾਰ ਅਕਾਲੀ ਦਲ ਛੱਡ ਕਾਂਗਰਸ ਪਾਰਟੀ ਵਿੱਚ ਹੋਏ ਸ਼ਾਮਿਲ

## ਕਾਂਗਰਸ ਪਾਰਟੀ 'ਚ ਸ਼ਾਮਿਲ ਹੋਣ ਵਾਲਿਆਂ ਨੂੰ ਪੂਰਾ ਮਾਣ ਸਨਮਾਨ ਮਿਲੇਗਾ : ਕੈਪਟਨ ਸੰਧੂ

■ ਹਲਕਾ ਦਾਖਾ ਦੇ ਵਿਕਾਸ ਕਾਰਜਾਂ ਅਤੇ ਕੈਪਟਨ ਸੰਧੂ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਪਾਰਟੀ 'ਚ ਹੋਏ ਸ਼ਾਮਿਲ - ਇੰਦਰਜੀਤ ਸਿੰਘ, ਸਰੂਪ ਸਿੰਘ, ਪਰਵਿੰਦਰ ਸਿੰਘ



**ਚੱਕ ਕਲਾਂ/ਬਾਣੀਏਵਾਲ/ਸੁਖਚੈਨ ਮਹਿਰਾ**

ਵਿਧਾਨ ਸਭਾ ਹਲਕਾ ਦਾਖਾ ਦੇ ਨਾਮਵਰ ਪਿੰਡ ਚੱਕ ਕਲਾਂ ਵਿਖੇ ਅੱਜ ਕਾਂਗਰਸ ਪਾਰਟੀ ਨੂੰ ਉਸ ਸਮੇ ਹੋਰ ਮਜਬੂਤੀ ਹਾਸਲ ਹੋਈ ਜਦੋ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ, ਨਰਿੰਦਰ ਪਾਲ ਸਿੰਘ ਧਾਲੀਵਾਲ ਦੀ ਪ੍ਰੇਰਣਾ ਸਦਕਾ ਕੈਪਟਨ ਸੰਦੀਪ ਸਿੰਘ ਸੰਧੂ, ਸਿਆਸੀ ਸਕੱਤਰ, ਮੁੱਖ ਮੰਤਰੀ ਪੰਜਾਬ ਦੀ ਵਿਸ਼ੇਸ਼ ਹਾਜਰੀ ਵਿੱਚ ਲਗਭਗ 20 ਤੋਂ ਵਧੇਰੇ ਪਰਿਵਾਰ ਕਾਂਗਰਸ ਪਾਰਟੀ ਵਿੱਚ ਸਾਮਿਲ ਹੋਏ।

ਇਸ ਤੋਂ ਇਲਾਵਾ ਪਿੰਡ ਬਾਣੀਏਵਾਲ, ਕੁਲਗਹਿਣਾ ਅਤੇ ਰਾਮਪੁਰ ਦੇ 30 ਤੋਂ ਵਧੇਰੇ ਪਰਿਵਾਰ ਅਕਾਲੀ ਦਲ ਛੱਡ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਉਨ੍ਹਾਂ ਨਾਲ ਬਲਾਕ ਪ੍ਰਧਾਨ ਸ੍. ਮਨਪ੍ਰੀਤ ਸਿੰਘ, ਯੁਵਾ ਵਰਕਰ ਸੁਖਵਿੰਦਰ ਸਿੰਘ ਢੋਲਣ ਵੀ ਹਾਜ਼ਰ ਸਨ।

ਕਾਂਗਰਸ ਪਾਰਟੀ ਵਿੱਚ ਵੱਡੀ ਗਿਣਤੀ ਸਾਮਿਲ ਹੋਣ ਵਾਲਿਆਂ ਵਿੱਚ ਪਿੰਡ ਚੱਕ ਕਲਾਂ ਤੋਂ ਇੰਦਰਜੀਤ ਸਿੰਘ, ਸਰੂਪ ਸਿੰਘ, ਪਰਵਿੰਦਰ ਸਿੰਘ, ਅਮਨਪ੍ਰੀਤ ਸਿੰਘ, ਇੰਦਰਮੋਹਣ ਸਿੰਘ, ਅਜਾਦਪਾਲ ਸਿੰਘ, ਇੰਦਰਜੀਤ ਸਿੰਘ ਸੇਖੋਂ, ਬਲਜਿੰਦਰ ਸਿੰਘ, ਰਣਜੀਤ ਸਿੰਘ, ਗੁਰਜੀਤ ਸਿੰਘ, ਬਲਦੇਵ ਸਿੰਘ, ਤਰਸੇਮ ਸਿੰਘ, ਜੀਵਨ ਸਿੰਘ, ਦਲਜੀਤ ਸਿੰਘ, ਗੁਰਜੀਤ ਸਿੰਘ, ਸ਼ੰਕਰ ਮਾਲੀ, ਪ੍ਰੀਤਮ ਸਿੰਘ, ਰਾਜਵਿੰਦਰ ਸਿੰਘ, ਬਲਬੀਰ ਸਿੰਘ ਬੀਰਾ, ਸੰਦੀਪ ਸਿੰਘ, ਬਲਵਿੰਦਰ ਸਿੰਘ, ਸੁਖਪਾਲ ਸਿੰਘ, ਮਨਜਿੰਦਰ ਸਿੰਘ, ਰਾਜਵਿੰਦਰ ਸਿੰਘ, ਇਕਬਾਲ ਸਿੰਘ ਆਦਿ ਨੇ ਕਿਹਾ ਕਿ ਉਹ ਕੈਪਟਨ ਸੰਦੀਪ ਸੰਧੂ ਦੀ ਕਾਰਜਸੈਲੀ ਅਤੇ ਹਲਕੇ ਦਾਖੇ ਦੀ ਨੁਹਾਰ ਬਦਲਣ ਲਈ ਕਰਵਾਏ ਜਾ ਰਹੇ ਕਰੋੜਾ ਦੇ ਵਿਕਾਸ ਕਾਰਜਾਂ ਅਤੇ ਕੈਪਟਨ ਸੰਧੂ ਦੀ ਸ਼ਖਸੀਅਤ ਤੋ ਪ੍ਰਭਾਵਿਤ ਹੋ ਕੇ ਅੱਜ ਅਸੀ ਕਾਂਗਰਸ ਪਾਰਟੀ ਵਿੱਚ ਸਾਮਿਲ ਹੋਏ ਹਾਂ ਅਤੇ ਅਸੀ ਹੁਣ ਕਾਂਗਰਸ ਪਾਰਟੀ ਦੀ ਮਜਬੂਤੀ ਲਈ ਪਾਰਟੀ ਦੇ ਵਫਾਦਾਰ ਸਿਪਾਹੀ ਬਣ ਕੇ ਕੰਮ ਕਰਾਗੇ। ਪਿੰਡ ਬਾਣੀਏਵਾਲ, ਕੁਲਗਹਿਣਾ ਅਤੇ ਰਾਮਪੁਰ ਤੋਂ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਬਲਕਾਰ ਸਿੰਘ, ਗੁਰਬਚਨ ਸਿੰਘ, ਵੀਰ ਸਿੰਘ, ਸੁਖਵਿੰਦਰ ਸਿੰਘ, ਜਸਬੀਰ ਸਿੰਘ, ਰਾਜਵੀਰ ਸਿੰਘ, ਪ੍ਰੀਤਮ ਸਿੰਘ, ਦਰਸ਼ਨ ਸਿੰਘ ਅਤੇ ਹੋਰ ਹਾਜ਼ਰ ਸਨ। ਇਸ ਮੌਕੇ ਸਰਪੰਚ ਬਾਣੀਏਵਾਲ ਕੇਹਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ।

ਇਸ ਮੋਕੇ ਕੈਪਟਨ ਸੰਧੂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਅੱਜ ਕਾਂਗਰਸ ਪਾਰਟੀ ਨਾਲ ਜੁੜਨ ਵਾਲੇ ਸਾਰੇ ਹੀ ਆਗੂਆਂ ਅਤੇ ਵਰਕਰਾਂ ਨੂੰ ਪਾਰਟੀ ਅੰਦਰ ਪੂਰਾ ਮਾਣ ਸਨਮਾਨ ਮਿਲੇਗਾ ਅਤੇ ਹਲਕੇ ਦੇ ਚੱਲ ਰਹੇ ਵਿਕਾਸ ਕਾਰਜਾਂ ਨੂੰ ਨੇਪੜੇ ਚੜਾਉਣ ਲਈ ਇਨ੍ਹਾਂ ਸਾਰੇ ਲੋਕਾਂ ਦੇ ਸਹਿਯੋਗ ਨਾਲ ਕੰਮ ਕੀਤਾ ਜਾਵੇਗਾ।

# ਜ਼ਿਲ੍ਹਾ ਲੁਧਿਆਣਾ ਵਿੱਚ ਅੱਜ ਫੇਰ 8644 ਸੈਂਪਲ ਲਏ -ਮਰੀਜ਼ਾਂ ਦੇ ਠੀਕ ਹੋਣ ਦੀ ਦਰ 97.58% ਹੋਈ

**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਅੱਜ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਦਿਨ ਵਿੱਚ ਸ਼ੱਕੀ ਮਰੀਜ਼ਾਂ ਦੇ 8644 ਸੈਂਪਲ ਲਏ ਗਏ।

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 87461 ਮਰੀਜ਼ਾਂ ਵਿਚੋਂ 97.58% (85342 ਕੋਵਿਡ ਪੋਜ਼ਟਿਵ ਮਰੀਜ਼) ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਕੁਝ ਹੋਰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਦੋ ਵੀ ਕੋਈ ਵਿਅਕਤੀ ਦੇ ਕੋਵਿਡ-19 ਦੇ ਪੀੜਤ ਹੋਣ ਜਾਂ ਸ਼ੱਕ ਬਾਰੇ ਪਤਾ ਲੱਗਦਾ ਹੈ ਤਾਂ ਤੁਰੰਤ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਂਦੇ ਹਨ। ਇਨ੍ਹਾਂ ਸੈਂਪਲਾਂ ਦੀ ਗਿਣਤੀ ਰੋਜ਼ਾਨਾ ਸੈਕੜਿਆਂ ਵਿੱਚ ਹੈ। ਇਸੇ ਤਰ੍ਹਾਂ ਅੱਜ ਵੀ 9002 ਸ਼ੱਕੀ ਵਿਅਕਤੀਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਲਦ ਹੀ ਉਨ੍ਹਾਂ ਦੇ ਨਤੀਜੇ ਮਿਲਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 22 ਪੋਜ਼ਟਿਵ ਮਰੀਜ਼ ਹਨ। ਜ਼ਿਲ੍ਹੇ ਵਿੱਚ ਹੁਣ ਤੱਕ ਤੰਦਰੁਸਤ ਹੋਏ ਮਰੀਜ਼ਾਂ ਦੀ ਸੰਖਿਆ 85338 ਹੋ ਗਈ ਹੈ।

ਉਨ੍ਹਾਂ ਕਿਹਾ ਕਿ ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਲਏ ਗਏ ਸੈਂਪਲਾਂ ਵਿੱਚੋਂ ਕੋਈ ਵੀ ਵਿਅਕਤੀ ਪੋਜ਼ਟਿਵ ਨਹੀਂ ਪਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 2265962 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 2166844 ਨਮੂਨੇ ਨੈਗਟਿਵ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਲੁਧਿਆਣਾ ਨਾਲ ਸਬੰਧਤ ਕੁਲ ਮਰੀਜ਼ਾਂ ਦੀ ਗਿਣਤੀ 87461 ਹੈ, ਜਦਕਿ 11657 ਮਰੀਜ਼ ਦੂਜੇ ਜ਼ਿਲ੍ਹਿਆਂ/ਰਾਜਾਂ ਨਾਲ ਸਬੰਧਤ ਹਨ।

ਉਨ੍ਹਾਂ ਕਿਹਾ ਕਿ ਹੁਣ ਕੋਰੋਨਾ ਤੋਂ ਪੀੜਤ ਮਰੀਜ਼ਾਂ ਦੀ ਮੌਤ ਦੀ ਕੁੱਲ ਗਿਣਤੀ ਲੁਧਿਆਣਾ ਤੋਂ 2097 ਅਤੇ 1049 ਦੂਜੇ ਜ਼ਿਲਿਆਂ ਨਾਲ ਸਬੰਧਤ ਹਨ।

ਸ੍ਰੀ ਸ਼ਰਮਾ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ, ਜਿਸ ਨਾਲ ਉਹ ਨਾ ਸਿਰਫ ਆਪ ਸੁਰੱਖਿਅਤ ਰਹਿਣਗੇ, ਬਲਕਿ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਯੋਗਦਾਨ ਪਾਉਣਗੇ।

# ਪੀ.ਐਚ.ਐਸ.ਸੀ. ਦੇ ਚੇਅਰਮੈਨ ਵੱਲੋਂ ਸਾਹਨੇਵਾਲ ਕਮਿਊਨਿਟੀ ਹੈਲਥ ਸੈਂਟਰ ਵਿਖੇ ਅਚਨਚੇਤ ਚੈਕਿੰਗ



**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਪੀ.ਐਚ.ਐਸ.ਸੀ) ਦੇ ਚੇਅਰਮੈਨ ਸ੍ਰੀ ਅਸ਼ਵਨੀ ਸੇਖੜੀ ਵੱਲੋਂ ਅੱਜ ਸਾਹਨੇਵਾਲ ਕਮਿਊਨਿਟੀ ਹੈਲਥ ਸੈਂਟਰ (ਸੀ.ਐਚ.ਸੀ.) ਵਿਖੇ ਅਚਨਚੇਤ ਚੈਕਿੰਗ ਕੀਤੀ। ਸੀਨੀਅਰ ਕਾਂਗਰਸੀ ਆਗੂ ਸਤਵਿੰਦਰ ਬਿੱਟੀ ਦੇ ਨਾਲ, ਸ੍ਰੀ ਸੇਖੜੀ ਹਰ ਵਾਰਡ, ਐਮਰਜੈਂਸੀ ਵਿਭਾਗ ਵਿੱਚ ਗਏ ਅਤੇ ਉੱਥੇ ਇਲਾਜ ਅਧੀਨ ਮਰੀਜ਼ਾਂ ਨਾਲ ਗੱਲਬਾਤ ਕੀਤੀ। ਬਾਅਦ ਵਿੱਚ ਸੇਖੜੀ ਨੂੰ ਸਿਹਤ ਅਧਿਕਾਰੀਆਂ ਵੱਲੋਂ ਕੇਂਦਰ ਵਿੱਚ ਡਾਕਟਰਾਂ, ਬਲੱਡ ਬੈਂਕ ਅਤੇ ਅਲਟਰਾਸਾਊਂਡ ਮਸ਼ੀਨਾਂ ਦੀ ਘਾਟ ਬਾਰੇ ਜਾਣੂ ਕਰਵਾਇਆ ਗਿਆ ਜਿਸ 'ਤੇ ਪੀ.ਐਚ.ਐਸ.ਸੀ. ਦੇ ਚੇਅਰਮੈਨ ਨੇ ਸਿਹਤ ਢਾਂਚੇ ਨੂੰ ਵਧਾਉਣ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਸਿਹਤ ਵਿਭਾਗ ਜਲਦ ਹੀ ਬਲੱਡ ਬੈਂਕ ਸਥਾਪਤ ਕਰੇਗਾ ਅਤੇ ਇੱਥੇ ਅਲਟਰਾਸਾਊਂਡ ਮਸ਼ੀਨ ਵੀ ਲਗਾਏਗਾ। ਸ੍ਰੀ ਅਸ਼ਵਨੀ ਸੇਖੜੀ ਨੇ ਕਿਹਾ ਕਿ ਪੰਜਾਬ ਸਰਕਾਰ ਲੋੜਵੰਦਾਂ ਅਤੇ ਗਰੀਬ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਪਿਛਲੇ ਚਾਰ ਸਾਲਾਂ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿਹਤ ਖੇਤਰ ਨੂੰ ਮੁੱਖ ਤਰਜੀਹ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ ਪੰਜਾਬ ਸੂਬਾ ਹੀ ਸੀ ਜਿਸਨੇ ਦੂਜੀ ਲਹਿਰ ਦੌਰਾਨ ਕੋਵਿਡ ਮਰੀਜ਼ਾਂ ਲਈ ਆਪਣੇ ਦਰਵਾਜ਼ੇ ਹਮੇਸ਼ਾ ਖੁੱਲੇ ਰੱਖੇ ਜਦੋਂ ਕਿ ਦੂਜੇ ਰਾਜਾਂ ਨੇ ਬਾਹਰਲੇ ਮਰੀਜ਼ਾਂ ਲਈ ਐਂਟਰੀ ਪੁਆਇੰਟਾਂ ਨੂੰ ਸੀਲ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਿਹਤ ਵਿਭਾਗ ਨੇ ਸੰਭਾਵਤ ਤੀਜੀ ਲਹਿਰ ਨਾਲ ਨਜਿੱਠਣ ਲਈ ਲੋੜੀਂਦੇ ਸਿਹਤ ਬੁਨਿਆਦੀ ਢਾਂਚੇ ਨੂੰ ਪਹਿਲਾਂ ਹੀ ਵਧਾ ਦਿੱਤਾ ਹੈ ਅਤੇ ਕਿਹਾ ਕਿ ਆਕਸੀਜਨ ਦੀ ਉਪਲਬਧਤਾ, ਬੱਚਿਆਂ ਅਤੇ ਬਾਲਗਾਂ ਲਈ ਆਈ.ਸੀ.ਯੂ. ਬੈਡ, ਡਾਕਟਰਾਂ ਦੀ ਭਰਤੀ, ਪੈਰਾ ਮੈਡੀਕਲ ਅਤੇ ਹੋਰ ਜ਼ਰੂਰੀ ਚੀਜ਼ਾਂ ਨੂੰ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਯਕੀਨੀ ਬਣਾਇਆ ਜਾ ਰਿਹਾ ਹੈ।

# ਸਾਦੇ ਵਿਆਹ ਸਾਦੇ ਭੋਗ, ਨਾ ਚਿੰਤਾ ਨਾ ਰੋਗ



**ਬਾਘਾ ਪੁਰਾਣਾ/ਰਿੱਕੀ ਆਨੰਦ**

ਅੱਜ ਇੱਕ ਨਵੇਂ ਵਿਆਹੇ ਕੁੜੀ ਮੁੰਡੇ ਨੇ ਸਾਦਾ ਵਿਆਹ ਕਰ ਇਸ ਤਰ੍ਹਾਂ ਦੀ ਹੀ ਇਕ ਮਿਸਾਲ ਪੇਸ਼ ਕੀਤੀ । ਸਤਪਾਲ ਸਿੰਘ ਪੰਚਾਇਤ ਮੈਂਬਰ ਪਿੰਡ ਡਗਰੂ ਜ਼ਿਲਾ ਮੋਗਾ ਨੇ ਦੱਸਿਆ ਕਿ ਲੜਕਾ ਗੁਰਪ੍ਰੀਤ ਜੋ ਕਿ ਪਲੰਬਰ ਦਾ ਕੰਮ ਕਰਦਾ ਹੈ ਅਤੇ ਜਿਸ ਦੀ ਵਿਆਹ ਪਿੰਡ ਨਰੂਆਣਾ ਜ਼ਿਲਾ ਬਠਿੰਡਾ ਦੀ ਰਹਿਣ ਵਾਲੀ ਸੋਨੂ ਜਿਸ ਨੇ ਨਰਸਿੰਗ ਦਾ ਕੋਰਸ ਕੀਤਾ ਹੋਇਆ ਹੈ ਦੇ ਨਾਲ ਹੋਇਆ । ਇਹ ਵਿਆਹ ਬਹੁਤ ਹੀ ਸਾਦੇ ਢੰਗ ਨਾਲ ਕੀਤਾ ਗਿਆ ਜਿਸ ਵਿੱਚ ਕੋਈ ਵੀ ਫ਼ਾਲਤੂ ਖ਼ਰਚਾ ਨਾ ਕਰਦੇ ਹੋਏ ਬਿਨਾਂ ਕਿਸੇ ਤਾਮ ਝਾਮ ਦੇ ਗੁਰਦੁਆਰਾ ਸਾਹਿਬ ਵਿੱਚ ਆਨੰਦ ਕਾਰਜ ਕਰਵਾਏ ਗਏ । ਸਤਪਾਲ ਸਿੰਘ ਅਤੇ ਲਾੜੇ ਗੁਰਪ੍ਰੀਤ ਨੇ ਦੱਸਿਆ ਕਿ ਇਸ ਸਾਦੇ ਪਨ ਦੀ ਪ੍ਰੇਰਣਾ ਉਹਨਾਂ ਨੂੰ ਅੱਜ ਦੇ ਹਾਲਾਤਾਂ ਨੂੰ ਵੇਖਦੇ ਹੋਏ ਮਿਲੀ । ਕਿਓਂ ਕਿ ਲੋਕ ਵੇਖੋ ਵੇਖ ਆਪਣੇ ਪੈਰ ਚਾਦਰ ਤੋਂ ਬਾਹਰ ਕਰ ਆਪਣੇ ਸਿਰ ਕਰਜ਼ਾ ਚੜਾ ਲੈਂਦੇ ਹਨ ਅਤੇ ਆਰਥਿਕ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ । ਬਾਘਾ ਪੁਰਾਣਾ ਪੁਲਿਸ ਨੇ ਵੀ ਇਸ ਨਵੇਂ ਵਿਆਹੇ ਜੋੜੇ ਦਾ ਚੌਂਕ ਵਿੱਚ ਸਵਾਗਤ ਕਰ ਕੇਕ ਕਟਵਾ ਕੇ ਵਧਾਈਆਂ ਦਿੱਤੀਆਂ ਅਤੇ ਇਸ ਸਾਦੇ ਤਰੀਕੇ ਨਾਲ ਕੀਤੇ ਕਾਰਜ ਦੀ ਸ਼ਲਾਘਾ ਵੀ ਕੀਤੀ । ਇਸ ਮੌਕੇ ਬਾਘਾ ਪੁਰਾਣਾ ਥਾਣਾ ਦੇ ਮੁਨਸ਼ੀ ਹਰਜਿੰਦਰ ਸਿੰਘ, ਪਰਗਟ ਸਿੰਘ , ਰੂਪ ਸਿੰਘ ਅਤੇ ਕਈ ਹੋਰ ਪੁਲਿਸ ਮੁਲਾਜ਼ਿਮ ਵੀ ਹਾਜ਼ਿਰ ਸਨ ।





# ਜੀਰਕਪੁਰ ਪੁਲਿਸ ਵੱਲੋਂ ਲੁੱਟਾ ਖੋਹਾ ਕਰਨ ਵਾਲੇ ਗਿਰੋਹ ਦੇ ਪੰਜ ਮੈਬਰ ਗ੍ਰਿਫਤਾਰ

**ਜੀਰਕਪੁਰ/ਰਵੀ ਜੀਰਕਪੁਰ**

ਜੀਰਕਪੁਰ ਪੁਲਿਸ ਨੇ 22 ਅਗਸਤ ਨੂੰ ਇੱਕ ਆਟੋ ਵਿੱਚ ਸਵਾਰ ਵਿਦੇਸ਼ੀ ਨਾਗਰਿਕ ਨਾਲ ਲੁੱਟ ਖੋਹ ਕਰਨ ਦੇ ਮਾਮਲੇ ਨੂੰ ਸੁਲਝਾਉਂਦੇ ਹੋਏ ਪੰਜ ਕਥਿਤ ਦੋਸ਼ੀਆਂ ਨੂੰ ਕਾਬੂ ਕੀਤਾ ਹੈ ਪੁਲਿਸ ਨੇ ਉਨ ਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ ਮਾਮਲੇ ਸਬੰਧੀ ਜਾਣਕਾਰੀ ਦਿੰਦਿਆ ਜੀਰਕਪੁਰ ਥਾਣਾ ਮੁਖੀ ਓਂਕਾਰ ਸਿੰਘ ਬਰਾੜ ਨੇ ਦਸਿਆ ਕਿ ਬਨੂੜ ਵਿਖੇ ਸਵਾਈਟ ਕਾਲਜ ਵਿੱਚ ਪੜਦਾ ਸੁਡਾਨ ਦਾ ਰਹਿਣ ਵਾਲਾ ਸਲਾਹੀਦੀਨ ਬਸ਼ੀਰ ਖੈਰਲਸ਼ੀਦ ਜੋ ਕਿ 22 ਅਗਸਤ ਨੂੰ ਬਨੂੜ ਤੋਂ ਜ਼ੀਰਕਪੁਰ ਜਾਣ ਲਈ ਬਨੂੰੜ ਬੈਰੀਅਰ ਤੋਂ ਇੱਕ ਆਟੋ ਵਿੱਚ ਬੈਠਿਆ ਸੀ ਜਿਸ ਵਿੱਚ ਪਹਿਲਾ ਹੀ 5 ਨੌਜਵਾਨ ਸਵਾਰ ਸਨ ਅਤੇ ਜਦੋਂ ਆਟੋ ਛੱਤ ਲਾਇਟਾਂ ਨੇੜੇ ਪੁੱਜਾ ਤਾਂ ਉਨ ਾਂ ਪੰਜ ਨੌਜਵਾਨ ਨੇ ਆਟੋ ਚਾਲਕ ਸਮੇਤ ਰਾਤ ਦੇ ਹਨੇਰੇ ਵਿੱਚ ਆਪਣਾ ਆਟੋ ਰੋਕ ਕੇ ਵਿਦੇਸ਼ੀ ਨਾਗਰਿਕ ਨਾਲ ਧੱਕਾ ਮੁੱਕੀ ਕੀਤੀ ਅਤੇ ਉਸ ਤੋਂ ਇੱਕ ਕਿੱਟ ਬੈਗ ਜਿਸ ਵਿੱਚ ਉਸਦਾ ਪਾਸਪੋਰਟ ' ਦੀ ਰਿਪਬਲਿਕ ਆਫ ਦੀ ਸੂਡਾਨ", ਨਕਦੀ ਅਤੇ ਇੱਕ ਮੋਬਾਇਲ ਜਬਰਦਸਤੀ ਖੋਹ ਲਿਆ ਅਤੇ ਫਰਾਰ ਹੋ ਗਏ ਜਿਸ ਤੇ ਪੁਲਿਸ ਨੇ ਇਸ ਸਬੰਧੀ ਮਾਮਲਾ ਦਰਜ ਕਰਕੇ ਐਸ ਆਈ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਇੱਕ ਟੀਮ ਦਾ ਗਠਨ ਕਰਕੇ ਕਥਿਤ ਦੋਸ਼ੀਆਂ ਨੂੰ ਛੱਤਬੀੜ ਨੇੜਿਓਂ ਕਾਬੂ ਕਰ ਲਿਆ ਪੁਲਿਸ ਨੇ ਉਨ ਾਂ ਦੀ ਨਿਸ਼ਾਨਦੇਹੀ ਤੇ ਇੱਕ ਫੋਨ, ਪਾਸਪੋਰਟ ਅਤੇ ਲੁੱਟ ਵਿੱਚ ਇਸਤਮਾਲ ਕੀਤਾ ਗਿਆ ਆਟੋ ਵੀ ਬਰਾਮਦ ਕਰ ਲਿਆ ਪੁਲਿਸ ਵਲੋਂ ਕਾਬੂ ਕਥਿਤ ਦੋਸ਼ੀਆਂ ਦੀ ਪਛਾਣ ਬੀਰੂ ਪੁੱਤਰ ਜਗਨ ਵਾਸੀ ਪਿੰਡ ਸਰਾਏ ਵਣਜਾਰਾ ਜਿਲ ਾ ਪਟਿਆਲਾ, ਬੰਟੀ ਕੁਮਾਰ ਪੁੱਤਰ ਸ਼ਾਮ ਲਾਲ ਵਾਸੀ ਨੇੜੇ ਨਗਰ ਖੇੜਾ ਗੁੱਜਰਾ ਵਾਲਾ ਮੁਹੱਲਾ ਰਾਜਪੁਰਾ, ਵਿਸ਼ਾਲ ਪੁੱਤਰ ਕਮਲੇਸ਼ ਕੁਮਾਰ ਵਾਸੀ ਪਿੰਡ ਢਕਾਨਸੂ, ਲਖਵੀਰ ਸਿੰਘ ਉਰਫ ਬਿੱਲੂ ਪੁੱਤਰ ਕੁਲਵੰਤ ਸਿੰਘ ਵਾਸੀ ਭਰਤ ਕਲੋਨੀ ਰਾਜਪੁਰਾ ਅਤੇ ਬਲਦੇਵ ਰਾਜ ਉਰਫ ਦੇਬਾ ਵਾਸੀ ਪੁੱਤਰ ਲੇਟ ਮੁਲਖ ਰਾਜ ਵਾਸੀ ਪਿੰਡ ਤਲਾਣੀਆ ਜਿਲ ਾ ਫਤਿਹਗੜ ਸਾਹਿਬ ਵਜੋਂ ਹੋਈ ਹੈ ਪੁਲਿਸ ਨੇ ਕਥਿਤ ਦੋਸ਼ੀਆ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਨ ਾ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਅਕਾਲੀ ਦਲ ਯੂਥ ਵਿੰਗ ਦੇ ਕੌਮੀ ਜਰਨਲ ਸਕੱਤਰ ਅਜੈ ਸ਼ਰਮਾ ਨੇ ਸੁਖਬੀਰ ਬਾਦਲ ਨਾਲ ਕੀਤੀ ਮੁਲਾਕਾਤ

**ਕਪੂਰਥਲਾ/ਲੋਕ ਬਾਣੀ**



ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਕੌਮੀ ਜਰਨਲ ਸਕੱਤਰ ਅਜੇ ਸ਼ਰਮਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਫਗਵਾੜਾ ਵਿੱਖੇ ਮੁਲਾਕਾਤ ਕੀਤੀ।ਇਸ ਮੁਲਾਕਾਤ ਦੇ ਦੌਰਾਨ ਅਜੈ ਸ਼ਰਮਾ ਨੇ ਹਿੰਦੂ ਸਮਾਜ ਨਾਲ ਜੁੜੇ ਕਈ ਮੁੱਦਿਆਂ ਨੂੰ ਸੁਖਬੀਰ ਬਾਦਲ ਅੱਗੇ ਜੋਰਸ਼ੋਰ ਨਾਲ ਰੱਖਿਆ,ਜਿਸ ਤੇ ਸੁਖਬੀਰ ਬਾਦਲ ਨੇ ਸਰਕਾਰ ਆਉਣ ਤੇ ਇਨ੍ਹਾਂ ਮਸਲਿਆਂ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨ ਦਾ ਭਰੋਸਾ ਦਿੱਤਾ।ਅਜੈ ਸ਼ਰਮਾ ਨੇ ਦੱਸਿਆ ਕਿ ਇਸ ਮੁਲਾਕਾਤ ਦੌਰਾਨ ਉਨਾਂ ਸੁਖਬੀਰ ਬਾਦਲ ਨੂੰ ਕਪੂਰਥਲਾ ਹਲਕੇ ਵਿੱਚ ਯੂਥ ਅਕਾਲੀ ਦਲ ਦੇ ਵਰਕਰਾਂ ਵਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ।ਇਸਦੇ ਨਾਲ ਹੀ ਆਪਣੇ ਵੱਲੋਂ ਵਰਕਰਾਂ ਨੂੰ ਲਾਮਬੰਦ ਕਰਨ ਅਤੇ ਲੋਕ ਭਲਾਈ ਦੇ ਕੰਮਾਂ ਦੇ ਨਾਲ ਪਾਰਟੀ ਨੂੰ ਜਮੀਨੀ ਪੱਧਰ ਤੇ ਮਜਬੂਤ ਕੀਤੇ ਜਾਣ ਲਈ ਕੀਤੇ ਜਾ ਰਹੇ ਯਤਨਾਂ ਦੀ ਜਾਣਕਾਰੀ ਵੀ ਦਿੱਤੀ।ਅਜੈ ਸ਼ਰਮਾ ਨੇ ਦੱਸਿਆ ਕਿ ਗੱਲਬਾਤ ਦੌਰਾਨ ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਵਿੱਚ ਹਰ ਉਸ ਨੇਤਾ ਅਤੇ ਵਰਕਰ ਨੂੰ ਬਣਦਾ ਮਾਨ ਸਤਿਕਾਰ ਦਿੱਤਾ ਜਾਂਦਾ ਹੈ ਜੋ ਪਾਰਟੀ ਦੀਆਂ ਨੀਤੀਆਂ ਅਨੁਸਾਰ ਕੰਮ ਕਰ ਰਹੇ ਹਨ।ਸ਼੍ਰੋਮਣੀ ਅਕਾਲੀ ਦਲ,ਯੂਥ ਅਕਾਲੀ ਦਲ ਦੇ ਵਰਕਰਾਂ ਦੇ ਨਾਲ ਹੀ ਹਰ ਟਕਸਾਲੀ ਅਕਾਲੀ ਨੂੰ ਪੂਰਾ ਮਾਨ ਸਤਿਕਾਰ ਦਿੱਤਾ ਜਾਂਦਾ ਹੈ ਅਤੇ ਕਿਸੇ ਨੂੰ ਨਜਰੰਦਾਜ਼ ਨਹੀਂ ਕੀਤਾ ਜਾਂਦਾ।ਅਜੈ ਸ਼ਰਮਾ ਨੇ ਦੱਸਿਆ ਕਿ ਸੁਖਬੀਰ ਬਾਦਲ ਨੇ ਉਨਾਂ ਨੂੰ ਸਮੇਂ ਸਮੇਂ ਕਪੂਰਥਲਾ ਹਲਕੇ ਦੀਆਂ ਪਾਰਟੀ ਗਤੀਵਿਧੀਆਂ ਦੀ ਜਾਣਕਾਰੀ ਦੇਣ ਦੀ ਜ਼ਿੰਮੇਵਾਰੀ ਵੀ ਲਗਾਈ।ਅਜੈ ਸ਼ਰਮਾ ਨੇ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਨੇ ਯੂਥ ਅਕਾਲੀ ਦਲ ਦੇ ਨੇਤਾਵਾਂ ਨੂੰ 2022 ਦੀਆਂ ਚੋਣਾਂ ਲਈ ਤਿਆਰ ਰਹਿਣ ਲਈ ਕਿਹਾ।ਉਨ੍ਹਾਂ ਕਿਹਾ ਕਿ ਯੂਥ ਅਕਾਲੀ ਦਲ ਦੇ ਨੇਤਾਵਾਂ ਨੂੰ ਚੋਣਾਂ ਅਤੇ ਸਰਕਾਰ ਬਣਨ ਤੋਂ ਬਾਅਦ ਵੱਡੀਆਂ ਜ਼ੰਮਿੇਵਾਰੀਆਂ ਦਿੱਤੀਆਂ ਜਾਣਗੀਆਂ।ਅਜੈ ਸ਼ਰਮਾ ਨੇ ਕਿਹਾ ਕਿ ਯੂਥ ਅਕਾਲੀ ਦਲ ਦੇ ਕੌਮੀ ਸਕੱਤਰ ਨਿਯੁਕਤ ਹੋਣ ਤੋਂ ਬਾਅਦ ਇਹ ਸੁਖਬੀਰ ਸਿੰਘ ਬਾਦਲ ਨਾਲ ਉਨ੍ਹਾਂ ਦੀ ਪਹਿਲੀ ਮੁਲਾਕਾਤ ਸੀ।ਉਹਨਾਂ ਪਾਰਟੀ ਪ੍ਰਧਾਨ ਨੂੰ ਭਰੋਸਾ ਦਿੱਤਾ ਕਿ 2022 ਦੀਆਂ ਚੋਣਾਂ ਵਿੱਚ ਯੂਥ ਵਿੰਗ ਅਹਿਮ ਰੋਲ ਅਦਾ ਕਰੇਗਾ।ਅਜੈ ਸ਼ਰਮਾ ਨੇ ਕਿਹਾ ਕਿ ਯੂਥ ਅਕਾਲੀ ਦਲ ਲੋਕਾਂ ਤੱਕ ਪਹੁੰਚੇਗੀ ਅਤੇ ਕਾਂਗਰਸ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਬਾਰੇ ਦੱਸੇਗੀ।

# ਪੁਲਿਸ ਨੂੰ ਕਿਸਾਨਾਂ ਦੇ ਸਿਰ ਪਾੜਨ ਦਾ ਆਦੇਸ਼ ਦੇਣ ਵਾਲੇ ਐੱਸ.ਡੀ.ਐਮ. ਦੇ ਹੱਕ ਵਿਚ ਨਿੱਤਰਿਆ ਜ਼ਿਲ੍ਹਾ ਪ੍ਰਸ਼ਾਸਨ

**ਕਰਨਾਲ/ਲੋਕ ਬਾਣੀ :** ਬੀਤੇ ਕਲ ਟੋਲ ਪਲਾਜ਼ਾ ਬਸਤਾੜਾ ਵਿਖੇ ਹੋਏ ਪੁਲਿਸ ਲਾਠੀਚਾਰਜ ਤੋ ਬਾਅਦ ਕਰਨਾਲ ਦੇ ਐੱਸ.ਡੀ.ਐਮ.ਆਯੂਸ਼ ਸਿੰਨ੍ਹਾਂ ਦੇ ਵਾਇਰਲ ਹੋਏ ਵੀਡੀਓ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਐੱਸ.ਡੀ.ਐਮ. ਸਿੰਨ੍ਹਾਂ ਦੇ ਸਮਰਥਨ ਵਿਚ ਨਿੱਤਰਿਆ ਹੈ। ਅਜ ਇੱਥੇ ਡੀ.ਸੀ.ਨਿਸ਼ਾਂਤ ਕੁਮਾਰ ਯਾਦਵ ਨੇ ਵਾਇਰਲ ਹੋਏ ਵੀਡੀਓ ਤੇ ਸਫ਼ਾਈ ਦਿੰਦੇ ਹੋਏ ਪੂਰਾ ਵੀਡੀਓ ਨਾਲ ਛੇੜਛਾੜ ਕਰਕੇ ਅਧੂਰਾ ਵੀਡੀਓ ਵਾਇਰਲ ਕੀਤੇ ਜਾਣ ਦਾ ਦਾਅਵਾ ਕਰਦੇ ਹੋਏ ਕਿਹਾ ਕਿ ਜੇ ਕਿਸੇ ਨੂੰ ਐੱਸ.ਡੀ.ਐਮ. ਦੇ ਸ਼ਬਦਾਂ ਨਾਲ ਠੇਸ ਪਹੁੰਚੀ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ੱਲੋਂ ਉਹ ਦੁੱਖ ਪ੍ਰਗਟ ਕਰਦੇ ਹਨ। ਉਨ੍ਹਾਂ ਇਹ ਵੀ ਦਸਿਆ ਕਿ ਕਿਸਾਨਾਂ ਨੂੰ ਸ਼ਾਂਤੀ ਬਣਾਈ ਰਖਣ ਲਈ ਅਪੀਲ ਕੀਤੀ ਗਈ ਅਤੇ ਟੋਲ ਤੇ ਹੀ ਵਿਰੋਧ ਪ੍ਰਦਰਸ਼ਨ ਕਰਨ ਲਈ ਕਿਹਾ ਗਿਆ ਪਰ ਕਿਸਾਨਾਂ ਦਾ ਵਿਰੋਧ ਭੜਕ ਜਾਣ ਕਾਰ ਫਿਰ ਕਿਸਾਨਾਂ ਨੂੰ ਚਿਤਾਵਨੀ ਦਿਤੀ ਗਈ ਪਰ ਕਿਸਾਨਾਂ ਨੇ ਹਾਈ ਵੇ ਜਾਮ ਕਰ ਦਿਤਾ ਜਿਸ ਕਾਰਨ ਥੋੜੀ ਦੇਰ ਵਿਚ ਹੀ 10 ਤੋ 15 ਕਿੱਲੋਮੀਟਰ ਤਕ ਜਾਮ ਲਗ ਗਿਆ ਅਤੇ ਕਿਸਾਨਾਂ ਨੇ ਪੁਲਿਸ ਤੇ ਪੱਥਰ ਬਾਜੀ ਅਤੇ ਡਾਂਗਾਂ, ਡੰਡਿਆਂ ਅਤੇ ਕਹੀਆਂ ਨਾਲ ਹਮਲਾ ਕਰ ਦਿਤਾ ਜਿਸ ਕਾਰਨ ਤੁਰੰਤ ਪੁਲਿਸ ਨੂੰ ਹਲਕਾ ਲਾਠੀਚਾਰਜ ਕਰਨਾ ਪਿਆ ਅਤੇ ਜੀ.ਟੀ.ਰੋਡ ਖੁਲ੍ਹਵਾਇਆ ਗਿਆ।

# ਕਾਬੁਲ ਹਵਾਈ ਅੱਡੇ ਦੇ ਨੇੜੇ ਅਮਰੀਕੀ ਹਵਾਈ ਹਮਲਾ, ਆਈ.ਐਸ.ਆਈ.ਐਸ.-ਕੇ ਦੇ ਨਿਸਾਨੇ 'ਤੇ ਸਨ ਅੱਤਵਾਦੀ

**ਨਵੀਂ ਦਿੱਲੀ/ਲੋਕ ਬਾਣੀ :** ਕਾਬੁਲ ਦੇ ਸਹਿਰੀ ਖੇਤਰ ਵਿਚ ਇਕ ਵਾਰ ਫਿਰ ਜੋਰਦਾਰ ਧਮਾਕਾ ਹੋਇਆ ਹੈ। ਸਥਾਨਕ ਰਿਪੋਰਟਾਂ ਅਨੁਸਾਰ ਇਸ ਧਮਾਕੇ ਵਿਚ ਦੋ ਲੋਕਾਂ ਦੇ ਮਾਰੇ ਜਾਣ ਦੀ ਖਬਰ ਹੈ। ਇਹ ਧਮਾਕਾ ਕਾਬੁਲ ਦੇ 11 ਸੁਰੱਖਿਆ ਜਲ੍ਹਿ ਵਿਚ ਹੋਇਆ। ਸੋਸਲ ਮੀਡੀਆ 'ਤੇ ਅਜਿਹੀਆਂ ਕਈ ਵੀਡੀਓਜ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ' ਚ ਧਮਾਕੇ ਵਾਲੀ ਥਾਂ ਤੋਂ ਧੂੰਆਂ ਉੱਠਦਾ ਦਿਖਾਈ ਦੇ ਰਿਹਾ ਹੈ।

# ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ 3 ਸਤੰਬਰ ਨੂੰ

**ਚੰਡੀਗੜ੍ਹ/ਲੋਕ ਬਾਣੀ :** ਵਿਧਾਨ ਸਭਾ ਦੇ ਬੁਲਾਰੇ ਨੇ ਦੱਸਿਆ ਹੈ ਕਿ ਪੰਜਾਬ ਦੇ ਰਾਜਪਾਲ ਵਲੋਂ 15ਵੀਂ ਪੰਜਾਬ ਵਿਧਾਨ ਸਭਾ ਨੂੰ ਇਸ ਦੇ 15ਵੇਂ ਸਮਾਗਮ (ਵਿਸ਼ੇਸ਼) ਲਈ 3 ਸਤੰਬਰ ਨੂੰ ਸਵੇਰੇ 10 ਵਜੇ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ ਵਿਖੇ ਬੁਲਾਇਆ ਗਿਆ ਹੈ।

# ਟਿਕਟ ਮਿਲਣ ਦੇ ਕੁਝ ਸਮੇਂ ਬਾਅਦ ਹੀ ਮਲੂਕਾ ਨੇ ਚੋਣ ਨਾ ਲੜਨ ਦਾ ਕੀਤਾ ਐਲਾਨ, ਆਪਣੇ ਬੇਟੇ ਨੂੰ ਉਮੀਦਵਾਰ ਬਣਾਉਣ ਦੀ ਕੀਤੀ ਮੰਗ

**ਚੰਡੀਗੜ੍ਹ/ਲੋਕ ਬਾਣੀ :** ਸਾਬਕਾ ਮੰਤਰੀ ਅਤੇ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਨੇ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ। ਮਲੂਕਾ ਨੇ ਕਿਹਾ ਕਿ ਇਸ ਸੀਟ ਤੋਂ ਉਨ੍ਹਾਂ ਦੇ ਬੇਟੇ ਗੁਰਪ੍ਰੀਤ ਸਿੰਘ ਮਲੂਕਾ ਨੂੰ ਉਮੀਦਵਾਰ ਬਣਾਇਆ ਜਾਵੇ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਅੱਜ ਰਾਮਪੁਰਾ ਫੂਲ, ਬਠਿੰਡਾ ਦਿਹਾਤੀ ਅਤੇ ਭੁੱਚੋ ਵਿਧਾਨ ਸਭਾ ਹਲਕਿਆਂ ਤੋਂ ਆਪਣੇ ਤਿੰਨ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਸੀ, ਜਿਸ ਦੇ ਕੁਝ ਸਮੇਂ ਬਾਅਦ ਹੀ ਸਿਕੰਦਰ ਸਿੰਘ ਮਲੂਕਾ ਵਲੋਂ ਚੋਣ ਨਾ ਲੜਨ ਬਾਰੇ ਐਲਾਨ ਕੀਤਾ ਗਿਆ ਅਤੇ ਬੇਟੇ ਲਈ ਟਿਕਟ ਦੀ ਮੰਗ ਕੀਤੀ।

# ਐਸਐਸਡੀਏਵੀ ਸਕੂਲ ਦੇ ਬੱਚੇ ਭਗਵਾਨ ਕ੍ਰਿਸਨ ਦੇ ਸਿੰਗਾਰ ਨਾਲ ਬਹੁਤ ਖੁਸ਼ ਹੋਏ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਐਸ ਐਸ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਜਨਮ ਅਸਟਮੀ ਦੇ ਮੌਕੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਜਮਾਤ ਨਰਸਰੀ ਤੋਂ ਦੂਜੀ ਜਮਾਤ ਤੱਕ ਦੇ ਬੱਚਿਆਂ ਨੇ ਭਾਗ ਲਿਆ। ਛੋਟੇ ਬੱਚੇ ਰਾਧਾ ਕ੍ਰਿਸਨ ਦੇ ਸ਼ਿੰਗਾਰ ਵਿੱਚ ਆਏ ਅਤੇ ਸਾਰਿਆਂ ਦਾ ਮਨ ਮੋਹ ਲਿਆ। ਸਕੂਲ ਦੇ ਪ੍ਰਧਾਨ ਅਰਵਿੰਦ ਮਹਿਤਾ ਅਤੇ ਪ੍ਰਿੰਸੀਪਲ ਸੁਸੀਲ ਕੁਮਾਰ ਨੇ ਸਾਰਿਆਂ ਨੂੰ ਇਸ ਤਿਉਹਾਰ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਭਗਵਾਨ ਕ੍ਰਿਸਨ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ. ਇਸ ਮੌਕੇ ਸਮੂਹ ਅਧਿਆਪਕ ਹਾਜਰ ਸਨ।

# ਬਚਪਨ ਕਿਡਜ ਕੇਅਰ ਸਕੂਲ 'ਚ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਦੀਨਾਨਗਰ/ਡਾ.ਰਮੇਸ਼ ਸਰੰਗਲ**



ਬਚਪਨ ਕਿਡਜ ਕੇਅਰ ਇੰਟਰਨੈਸਨਲ ਸਕੂਲ ਵਿਖੇ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਅਰਵਿੰਦ ਮਹਿਤਾ ਦੀ ਪ੍ਰਧਾਨਗੀ ਹੇਠ ਛੋਟੇ ਬੱਚਿਆਂ ਨੇ ਜਨਮ ਅਸਟਮੀ ਦਾ ਤਿਉਹਾਰ ਬੜੇ ਉਤਸਾਹ ਨਾਲ ਮਨਾਇਆ। ਇਸ ਮੌਕੇ ਬੱਚਿਆਂ ਨੇ ਸੁੰਦਰ ਪੁਸਾਕਾਂ ਪਹਿਨੀਆਂ ਹੋਈਆਂ ਸਨ। ਸਾਰੇ ਅਧਿਆਪਕਾਂ ਨੇ ਬੱਚਿਆਂ ਨੂੰ ਬਾਲ ਕ੍ਰਿਸਨ ਦੇ ਸਰਾਰਤੀ ਅਨੰਦ ਕਾਰਜਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਪ੍ਰਿੰਸੀਪਲ ਰੇਨੂੰ ਕਸਯਪ,ਸਲਾਹਕਾਰ ਪਾਇਲ ਸਰਮਾ ਨੇ ਸਾਰਿਆਂ ਨੂੰ ਇਸ ਤਿਉਹਾਰ ਦੀ ਵਧਾਈ ਦਿੱਤੀ। ਸਮਾਗਮ ਵਿੱਚ ਰੇਖਾ ਮਹਾਜਨ, ਡਿੰਪਲ ਸਰਮਾ, ਸੋਨਿਕਾ ਮਹਿਤਾ, ਅਮਨਦੀਪ, ਮਨਿਕਾ ਸਿੰਘ, ਚੰਚਲ, ਮਨਿਕਾ ਕਸਯਪ ਆਦਿ ਹਾਜਰ ਸਨ।

# ਕਰਨਾਲ ਵਿਚ ਕਿਸਾਨਾਂ 'ਤੇ ਹੋਏ ਲਾਠੀਚਾਰਜ ਦੇ ਖ਼ਿਲਾਫ਼ ਕਿਸਾਨਾਂ ਵਲੋਂ ਦੋ ਘੰਟੇ ਲਈ ਧਰਨਾ ਪ੍ਰਦਰਸ਼ਨ

## ਪਟਿਆਲਾ ਅਤੇ ਅੰਬਾਲਾ ਸੜਕਾਂ ਠੱਪ, ਲੋਕ ਹੋਏ ਖੱਜਲ-ਖੁਆਰ



**ਜੀਰਕਪੁਰ/ਰਵੀ ਜੀਰਕਪੁਰ**

ਹਰਿਆਣਾ ਦੀ ਖੱਟਰ ਸਰਕਾਰ ਵੱਲੋਂ ਕਰਨਾਲ ਟੋਲ ਪਲਾਜ਼ਾ ਵਿਖੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਮਜ਼ਦੂਰਾਂ ਉੱਪਰ ਕੇਂਦਰ ਸਰਕਾਰ ਦੀ ਸ਼ਹਿ 'ਤੇ ਵਹਿਸ਼ਿਆਨਾ ਢੰਗ ਨਾਲ ਕੀਤੇ ਲਾਠੀਚਾਰਜ ਦੇ ਵਿਰੋਧ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਦਿੱਤੇ ਸੱਦੇ ਤਹਿਤ ਅੱਜ ਸਥਾਨਕ ਕਿਸਾਨ ਯੂਨੀਅਨਾ ਦੇ ਅਹੁਦੇਦਾਰਾਂ ਵਲੋਂ ਅਜ਼ੀਜਪੁਰ ਟੋਲ ਪਲਾਜ਼ਾ ਅਤੇ ਜ਼ੀਰਕਪੁਰ ਦੇ ਮੈਕ-ਡੀ ਚੌਂਕ 'ਚ ਸੜਕ ਜਾਮ ਕਰਕੇ ਮਨੋਹਰ ਲਾਲ ਖੱਟੜ ਦਾ ਪੁਤਲਾ ਸਾੜ ਕੇ ਕਰੀਬ ਦੋ ਘੰਟੇ ਪ੍ਰਦਰਸ਼ਨ ਕੀਤਾ ਗਿਆ ਜਿਸ ਦੇ ਮੱਦੇਨਜ਼ਰ ਪੁਲਿਸ ਕਰਮਚਾਰੀਆਂ ਵਲੋਂ ਆਵਾਜਾਈ ਨੂੰ ਸਿੰਘਪੁਰਾ ਚੌਂਕ ਅਤੇ ਕਾਲਕਾ ਚੌਂਕ ਤੋਂ ਟਰੈਫਿਕ ਨੂੰ ਬਦਲਵੇਂ ਰਸਤਿਆਂ ਰਾਹੀਂ ਭੇਜਿਆ ਗਿਆ। ਕਿਸਾਨਾਂ ਦੇ ਧਰਨੇ ਕਾਰਨ ਸੜਕਾਂ ਤੇ ਟਰੈਫਿਕ ਜਾਮ ਹੋ ਗਈਆ ਰਸਤੇ ਬੰਦ ਹੋਣ ਕਾਰਨ ਹੈਵੀ ਵ੍ਹਿਕਲਾਂ ਦੇ ਡਰਾਈਵਰਾਂ ਨੇ ਆਪਣੇ-ਆਪਣੇ ਟਰੱਕ-ਟਰਾਲੇ ਅਤੇ ਬੱਸਾਂ ਸੜਕਾਂ ਤੇ ਲਾਈਨਾਂ ਚ ਖੜ੍ਹੇ ਕਰ ਦਿੱਤੇ। ਬੱਸਾਂ ਜਾਮ ਵਿਚ ਫਸਣ ਅਤੇ ਦੋਪਹੀਆ ਵਾਹਨਾਂ ਦੇ ਰੁਕਣ ਕਾਰਨ ਲੋਕਾਂ ਵਿਚ ਭਾਰੀ ਨਾਰਾਜ਼ਗੀ ਵੀ ਵੇਖਣ ਨੂੰ ਮਿਲੀ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਤੇ ਖੱਟੜ ਸਰਕਾਰ ਕਿਸਾਨਾਂ ਦੇ ਸ਼ਾਂਤਮਈ ਚੱਲ ਰਹੇ ਅੰਦੋਲਨ ਨੂੰ ਲਾਠੀ ਦੇ ਜ਼ੋਰ ਨਾਲ ਦਬਾਉਣਾ ਚਾਹੁੰਦੀ ਹੈ। ਕਿਸਾਨਾਂ ਨੇ ਖੱਟੜ ਸਰਕਾਰ ਦਾ ਪੁਤਲਾ ਫੂਕ ਕੇ ਨਾਅਰੇਬਾਜ਼ੀ ਕਰਦੇ ਹੋਏ ਕਿਹਾ ਕਿ ਲੋਕਤੰਤਰ ਵਿਚ ਹਰ ਕਿਸੇ ਨੂੰ ਰੋਸ ਪ੍ਰਗਟ ਕਰਨ ਦਾ ਅਧਿਕਾਰ ਹੈ ਪਰ ਦੇਸ਼ ਦੀ ਸਰਕਾਰ 9 ਮਹੀਨਿਆਂ ਤੋਂ ਦਿੱਲੀ ਵਿਖੇ ਕਾਲੇ ਕਾਨੂੰਨਾਂ ਖਿਲਾਫ਼ ਚਲ ਰਹੇ ਸ਼ਾਂਤਮਈ ਅੰਦੋਲਨ ਨੂੰ ਫੇਲ ਕਰਨ ਲਈ ਲਗਾਤਾਰ ਕੋਝੀਆਂ ਚਾਲਾਂ ਚਲ ਰਹੀ ਹੈ। ਉਨ ਾਂ ਕਿਹਾ ਕਿ ਪੂੰਜੀਪਤੀਆਂ ਦੇ ਦਬਾਅ ਹੇਠ ਸਰਕਾਰ ਤਿੰਨ ਕਾਲੇ ਕਾਨੂੰਨ ਲਾਗੂ ਕਰ ਕੇ ਦੇਸ਼ ਦੇ ਆਰਥਿਕ ਸੋਮੇ ਕਾਰਪੋਰੇਟ ਘਰਾਣਿਆਂ ਦੇ ਹੱਕ ਵਿਚ ਦੇਣਾ ਚਾਹੁੰਦੀ ਹੈ। ਆਗੂਆਂ ਨੇ ਕਿਹਾ ਕਿ ਹਰਿਆਣਾ ਸਰਕਾਰ ਦੇ ਇਸ ਕਿਸਾਨ ਵਿਰੋਧੀ ਰਵੱਈਏ ਦੀ ਜਥੇਬੰਦੀਆਂ ਵੱਲੋਂ ਸਖ਼ਤ ਸ਼ਬਦਾਂ ਵਿਚ ਨਿਖੇਦੀ ਕੀਤੀ ਗਈ। ਉਨ ਾਂ ਕਿਹਾ ਕਿ ਜਿੰਨਾ ਸਮਾਂ ਤਿੰਨੇ ਕਾਲੇ ਕਾਨੂੰਨ ਰੱਦ ਨਹੀਂ ਹੁੰਦੇ ਅੰਦੋਲਨ ਜਾਰੀ ਰਹੇਗਾ ਅਤੇ ਕਿਸਾਨ ਆਪਣੀਆਂ ਜ਼ਮੀਨਾਂ ਬਚਾਉਣ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹਨ। ਕਿਸਾਨਾਂ ਨੇ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਨੂੰ ਜਿੰਨਾ ਡੰਡੇ ਦੇ ਜ਼ੋਰ ਨਾਲ ਦਬਾਉਣ ਦੀ ਕੋਸ਼ਿਸ਼ ਕਰੇਗੀ ਕਿਸਾਨਾਂ ਦਾ ਹੌਂਸਲਾ ਉਨਾ ਹੀ ਵਧੇਗਾ। ਦੂਜੇ ਪਾਸੇ ਐਸਐਚਓ ਜ਼ੀਰਕਪੁਰ ਓਂਕਾਰ ਸਿੰਘ ਬਰਾੜ ਨੇ ਕਿਹਾ ਕਿ ਪੁਲਿਸ ਵੱਲੋਂ ਬਦਲਵੇਂ ਰਸਤਿਆਂ ਦੇ ਪ੍ਰਬੰਧ ਕੀਤੇ ਗਏ ਸਨ ਅਤੇ ਸਿੰਘਪੁਰਾ ਅਤੇ ਪੰਚਕੂਲਾ ਮੋੜ ਤੋਂ ਟਰੈਫਿਕ ਡਾਇਵਰਟ ਕੀਤੀ ਗਈ ਸੀ ਲੋਕਾਂ ਨੂੰ ਸਮੱਸਿਆ ਤੋਂ ਬਚਾਉਣ ਲਈ ਪੁਲਿਸ ਲਗਾਤਾਰ ਫੀਲਡ ਚ ਡਿਊਟੀ ਦੇ ਰਹੀ ਹੈ।

# ਖ਼ਤਰਾ ਅਜੇ ਬਰਕਰਾਰ ਹੈ, ਕੋਵਿਡ ਪ੍ਰੋਟੋਕਾਲ ਦੀ ਕੀਤੀ ਜਾਵੇ ਸਖ਼ਤੀ ਨਾਲ ਪਾਲਣਾ : ਸਿਵਲ ਸਰਜਨ

**ਲੁਧਿਆਣਾ/ਕਰਨ ਅਗਰਵਾਲ**

ਸਿਵਲ ਸਰਜਨ ਲੁਧਿਆਣਾ ਡਾ. ਕਿਰਨ ਆਹਲੂਵਾਲੀਆ ਨੇ ਕਿਹਾ ਕਿ ਕੋਵਿਡ-19 ਦਾ ਖ਼ਤਰਾ ਅਜੇ ਬਣਿਆ ਹੋਇਆ ਹੈ ਅਤੇ ਅਵੇਸਲੇ ਹੋਣ ਦੀ ਬਜਾਏ ਕੋਵਿਡ ਪ੍ਰੋਟੋਕਾਲ ਦੀ ਪਾਲਣਾ ਹੋਰ ਵੀ ਸਖ਼ਤੀ ਨਾਲ ਕਰਨ ਦੀ ਲੋੜ ਹੈ।

ਡਾ. ਆਹਲੂਵਾਲੀਆ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਸਿਹਤ ਵਿਭਾਗ ਵਲੋ ਜਾਰੀ ਹਦਾਇਤਾਂ ਅਨੁਸਾਰ ਕੋਵਿਡ ਦੇ ਕੇਸਾਂ ਦੇ ਵਾਧੇ ਨੂੰ ਰੋਕਣ ਲਈ ਪੰਜਾਬ ਸਟੇਟ ਦੇ ਐਂਟਰੀ ਪਆਇੰਟ, ਬੱਸ ਅੱਡੇ, ਸਕੂਲ ਵਿਦਿਆਰਥੀ, ਅਧਿਆਪਕ, ਹਸਪਤਾਲ ਸਰਕਾਰੀ ਅਤੇ ਪ੍ਰਾਈਵੇਟ ਵਿਚ ਦਾਖਲ ਮਰੀਜ਼ ਅਤੇ ਓ.ਪੀ.ਡੀ. ਮਰੀਜ਼ ਲੇਬਰ ਕਲੋਨੀਆਂ, ਉਦਯੋਗ ਖੇਤਰ ਵਿਚ ਕੰਮ ਕਰਦੇ ਕਾਮੇ, ਨਸ਼ਾ ਛੁਡਾਉ ਕੇਦਰ, ਜਿੰਮ ਅਤੇ ਰੈਸਟੋਰੈਂਟ ਨਾਲ ਸਬੰਧਤ ਲੋਕਾਂ ਦੇ ਕੋਵਿਡ ਟੈਸਟ ਜਰੂਰੀ ਹਨ।

**ਕਿਹਾ ! ਕੋਵਿਡ ਦੀ ਸੰਭਾਵਿਤ ਤੀਜ਼ੀ ਲਹਿਰ ਤੋਂ ਬਚਾਅ ਲਈ ਟੀਕਾਕਰਨ ਬੇਹੱਦ ਜ਼ਰੂਰੀ**

ਡਾ ਕਿਰਨ ਆਹੂਲਵਾਲੀਆ ਨੇ ਜਨਤਾ ਨੂੰ ਸੁਚੇਤ ਕਰਦੇ ਹੋਏ ਕਿਹਾ ਕਿ ਭਾਵੇ ਅੱਜ ਕੋਰੋਨਾ ਦੇ ਕੇਸ ਘੱਟ ਹਨ, ਪ੍ਰੰਤੂ ਕਿਸੇ ਵੀ ਤਰ੍ਹਾਂ ਦੀ ਬੇਧਿਆਨੀ ਕਾਰਨ ਕੋਰੋਨਾ ਕੇਸ ਫਿਰ ਤੋ ਵੱਧ ਸਕਦੇ ਹਨ। ਉਨਾਂ ਜਨਤਾ ਨੂੰ ਅਪੀਲ ਕੀਤੀ ਕਿ ਸਿਹਤ ਵਿਭਾਗ ਦੇ ਕਰਮਚਾਰੀ ਜੋ ਕੋਵਿਡ ਸੈਪਲ ਲੈਂਦੇ ਹਨ, ਉਨਾਂ ਨੂੰ ਸਹਿਯੋਗ ਦਿੱਤਾ ਜਾਵੇ ਅਤੇ ਵੱਧ ਤੋ ਵੱਧ ਕੋਵਿਡ ਟੈਸਟ ਕਰਵਾਉਣ ਤਾ ਜ਼ੋ ਲੋੜ ਅਨੁਸਾਰ ਪ੍ਰਭਾਵਿਤ ਵਿਅਕਤੀਆਂ ਨੂੰ ਇਕਾਂਤਵਾਸ ਕੀਤਾ ਜਾ ਸਕੇ ਅਤੇ ਲੋੜੀਦੀ ਡਾਕਟਰੀ ਸਾਹਾਇਤਾ ਮੁਹੱਈਆ ਕਰਵਾਈ ਜਾ ਸਕੇ। ਡਾ. ਰਮੇਸ ਕੁਮਾਰ ਜਿਲ੍ਹਾ ਐਪੀਡੀਮੋਲੋਜਿਸਟ ਨੇ ਦੱਸਿਆ ਕਿ ਇਸ ਦੇ ਨਾਲ ਜਰੂਰੀ ਹੈ ਕਿ ਕਿਸੇ ਵੀ ਤਰਾਂ ਦਾ ਸਮਾਨ ਵੰਡਣ ਵਾਲੇ ਵਿਅਕਤੀ, ਫਲ ਅਤੇ ਸਬਜ਼ੀ ਵਿਕਰੇਤਾ, ਸੈਲੂਨ ਆਦਿ ਵਾਲੇ ਵਿਅਕਤੀਆਂ ਦਾ ਵੀ ਕੋਵਿਡ ਟੈਸਟ ਜਰੂਰੀ ਹੈ ਜੋ ਕਿ ਆਪਣੇ ਏਰੀਏ ਦੀਆਂ ਟੀਮਾਂ ਤੋ ਕਰਵਾ ਸਕਦੇ ਹਨ। ਉਨਾ ਦੱਸਿਆ ਕਿ ਕੋਰੋਨਾ ਦੇ ਬਚਾਉ ਲਈ ਜਰੂਰੀ ਹੈ ਕਿ ਮਾਸਕ ਪਹਿਨਿਆ ਜਾਵੇ, ਸਮਾਜਿਕ ਦੂਰੀ ਰੱਖੀ ਜਾਵੇ, ਹੱਥ ਸਾਬਣ ਅਤੇ ਪਾਣੀ ਨਾਲ ਸਾਫ ਕੀਤੇ ਜਾਣ ਅਤੇ ਕੋਰੋਨਾ ਵੈਕਸੀਨ ਲਗਵਾਈ ਜਾਵੇ। ਜੇਕਰ ਅਸੀ ਕੋਵਿਡ ਸਾਵਧਾਨੀਆਂ ਦੀ ਪਾਲਣਾ ਕਰਾਂਗੇ ਤਾਂ ਸੰਭਾਵਿਤ ਕੋਵਿਡ ਦੀ ਤੀਸਰੀ ਲਹਿਰ ਤੋਂ ਬਚਿਆ ਜਾ ਸਕਦਾ ਹੈ।

# ਤ੍ਰਿਸ਼ਲਾ ਸਿਟੀ ਵਿੱਚ ਗੋ ਗਰੀਨ ਵਾਤਾਵਰਣ ਬਚਾਓ ਮੁਹਿੰਮ ਦਾ ਆਗਾਜ਼




**ਜੀਰਕਪੁਰ/ਰਵੀ ਜੀਰਕਪੁਰ**

ਜੀਰਕਪੁਰ ਪਟਿਆਲਾ ਸੜਕ ਤੇ ਸਥਿਤ ਤ੍ਰਿਸ਼ਾਲਾ ਸਿਟੀ ਜੋ ਕਿ ਪਹਿਲਾਂ ਹੀ ਹਰੇ -ਭਰੇ ਵਾਤਾਵਰਣ ਲਈ ਆਪਣੀ ਪਹਿਚਾਣ ਬਣਾ ਰਹੀ ਹੈ ਵਿੱਚ ਅੱਜ ਅੱਜ ਸੁਸਾਇਟੀ ਦੇ 20,000 ਪੌਦਿਆ ਵਿੱਚ ਵਾਧਾ ਕਰਦੇ ਹੋਏ ਨਵੇਂ ਬੂਟੇ ਲਗਾਉਣ ਮੌਕੇ ਤ੍ਰਿਸ਼ਲਾ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਹਰੀਸ਼ ਗੁਪਤਾ ਨੇ ਤ੍ਰਿਸ਼ਾਲਾ ਸਿਟੀ ਵਾਸੀਆਂ ਨਾਲ "ਗੋ ਗ੍ਰੀਨ, ਵਾਤਾਵਰਨ ਬਚਾਓ" ਦਾ ਸੱਦਾ ਦਿੱਤਾ। ਜਿਕਰਯੋਗ ਹੈ ਕਿ ਤ੍ਰਿਸ਼ਲਾ ਸਿਟੀ ਜੋ ਕਿ ਆਪਣੇ ਹਰੇ ਭਰੇ ਮਾਹੌਲ ਲਈ ਜਾਣੀ ਜਾਂਦੀ ਹੈ ਵਿੱਚ ਮੁਹਿਮ ਧੇ ਤਹਿਤ ਕਈ ਨਵੇਂ ਬੂਟੇ ਲਗਾਏ ਗਏ। ਇਸ ਮੌਕੇ ਹਰੀਸ਼ ਗੁਪਤਾ ਨੇ ਕਿਹਾ ਕਿ ਜੇ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਬਚਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਪੈਣਗੇ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਸਾਡੀ ਅਗਲੀ ਪੀੜ੍ਹੀ ਨੂੰ ਇਸ ਪ੍ਰਦੂਸ਼ਿਤ ਵਾਤਾਵਰਣ ਵਿੱਚ ਸਾਹ ਲੈਣਾ ਵੀ ਔਖਾ ਹੋ ਜਾਵੇਗਾ। ਉਨ ਾਂ ਕਿਹਾ ਕਿ ਰੁੱਖ ਅਤੇ ਪੌਧੇ ਨਾ ਸਿਰਫ ਹਵਾ ਨੂੰ ਸ਼ੁੱਧ ਕਰਦੇ ਹਨ ਬਲਕਿ ਮੀਂਹ ਦਾ ਵੀ ਸਾਧਨ ਬਣਦੇ ਹਨ। ਜਿਸ ਕਾਰਨ ਆਉਣ ਵਾਲੀ ਪੀੜ੍ਹੀ ਨੂੰ ਨਿਰਵਿਘਨ ਪੀਣ ਵਾਲਾ ਪਾਣੀ ਦੀ ਉਪਲਬੱਧ ਰਹੇਗਾ, ਇਸ ਮੌਕੇ ਉਨ ਾਂ ਹੋਕਾ ਦਿੱਤਾ ਕਿ ਸਾਨੂੰ ਤੰਦਰੁਸਤ ਰਹਿਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਇਸ ਸਮਾਗਮ ਵਿੱਚ ਤ੍ਰਿਸ਼ਾਲਾ ਸਿਟੀ ਦੇ ਵਸਨੀਕਾਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਵਿੱਚ ਉਤਸ਼ਾਹ ਵੇਖਣ ਵਾਲਾ ਸੀ। ਹਰੀਸ਼ ਗੁਪਤਾ ਨੇ ਦੱਸਿਆ ਕਿ ਇਸ ਸਾਲ ਮਾਨਸੂਨ ਵਿੱਚ ਤ੍ਰਿਸ਼ਾਲਾ ਸਿਟੀ ਵਿੱਚ 4100 ਤੋਂ ਵੱਧ ਨਵੇਂ ਰੁੱਖ ਲਗਾਏ ਗਏ। ਇਸ ਮੌਕੇ, ਸੁਸਾਇਟੀ ਵਸਨੀਕ ਯਾਦਵਿੰਦਰ ਭਾਰਦਵਾਜ, ਜੋ ਕਿ ਪੰਜਾਬ ਮਾਰਕਫੈਡ ਤੋਂ ਰਿਟਾਇਰ ਹਨ ਅਤੇ ਵਾਤਾਵਰਣ ਪ੍ਰੇਮੀ ਵੀ ਹਨ, ਨੇ ਕਿਹਾ ਕਿ ਉਨ ਾਂ ਨੂੰ ਖੁੱਲੀ ਆਬੋ ਹਵਾ ਅਤੇ ਹਰੇ -ਭਰੇ ਵਾਤਾਵਰਣ ਵਿੱਚ ਰਹਿਣਾ ਬਚਪਨ ਤੋਂ ਹੀ ਪਸੰਦ ਹੈ, ਪਰ ਤ੍ਰਿਸ਼ਾਲਾ ਸਿਟੀ ਵਿੱਚ ਆਉਣ ਤੋਂ ਬਾਅਦ ਉਨ ਾਂ ਨੂੰ ਕਦੇ ਇਹ ਮਹਿਸੂਸ ਨਹੀਂ ਹੋਇਆ ਕਿ ਅਸੀਂ ਇਸੇ ਸ਼ਹਿਰ ਵਿੱਚ ਕੰਕਰੀਟ ਦੇ ਜੰਗਲ ਵਿੱਚ ਰਹਿ ਰਹੇ ਹਾਂ। ਇਸ ਮੌਕੇ ਤ੍ਰਿਸ਼ਲਾ ਸਿਟੀ ਦੀ ਵਸਨੀਕ ਨੀਸ਼ੂ ਗਰਗ ਜੋ ਕਿ ਐਚਡੀਐਫਸੀ ਜ਼ੋਨਲ ਹੈਡ ਹਨ ਨੇ ਅੱਜ ਆਪਣੇ ਜਨਮਦਿਨ 'ਤੇ ਇੱਕ ਰੁੱਖ ਲਗਾ ਕੇ ਖੁਸ਼ੀ ਮਹਿਸੂਸ ਕੀਤੀ।

# ਸ਼ਾਨਏਪੰਜਾਬ ਐਵਾਰਡ ਨਾਲ 42 ਸ਼ਕਸ਼ੀਅਤਾਂ ਸਨਮਾਨਿਤ



**ਪਟਿਆਲਾ/ਜਗਦੀਸ ਰਾਈਕਾ**

ਰਾਸ਼ਟਰੀ ਜਯੋਤੀ ਕਲਾ ਮੰਚ ਵੱਲੋਂ ਦੀ ਪਟਿਆਲਾ ਹੈਂਡੀਕਰਾਫਟ ਡਬਲਿਯੂ.ਸੀ.ਆਈ.ਐਸ. ਲਿਮਟਿਡ, ਭਾਈ ਘਨਈਆ ਇੰਸਟੀਚਿਊਟ ਆਫ ਮੈਡੀਕਲ ਸਟੱਡੀ ਅਤੇ ਵਰਧਮਾਨ ਮਹਾਂਵੀਰ ਹੈਲਥ ਕੇਅਰ ਦੇ ਸਹਿਯੋਗ ਨਾਲ ਹੋਟਲ ਫਲਾਈ ਓਵਰ ਵਿਖੇ 42 ਸ਼ਖਸ਼ੀਅਤਾਂ ਨੂੰ ਸ਼ਾਨਏਪੰਜਾਬ ਐਵਾਰਡ2021 ਦੇ ਕੇ ਨਿਵਾਜਿਆ ਗਿਆ। ਇਹ ਪ੍ਰੋਗਰਾਮ ਸ੍ਰੀ ਵਿਕਾਸ ਸਭਰਵਾਲ, ਐਸ.ਪੀ. ਐਨ.ਆਰ.ਆਈ. ਵਿੰਗ ਪੰਜਾਬ ਦੀ ਸਰਪ੍ਰਸਤੀ ਹੇਠ ਆਯੋਜਿਤ ਕੀਤਾ ਗਿਆ ਤੇ ਮੁੱਖ ਮਹਿਮਾਨ ਸ੍ਰੀ ਸੌਰਵ ਜੈਨ ਉੱਘੇ ਸਮਾਜ ਸੇਵਕ ਪਹੁੰਚੇ ਅਤੇ ਵਿਸ਼ੇਸ਼ ਮਹਿਮਾਨਾਂ ਵਿੱਚ ਸ੍ਰੀ ਸੁੰਦਰ ਲਾਲ ਸਿੰਗਲਾ ਉੱਘੇ ਸਮਾਜ ਸੇਵਕ, ਸ੍ਰੀ ਭਗਵਾਨ ਦਾਸ ਜੁਨੇਜਾ (ਗਰੀਨਮੈਨ), ਹਰੀਸ਼ ਸਿੰਗਲਾ ਪ੍ਰਧਾਨ ਸ਼ਿਵ ਸੈਨਾ ਪੰਜਾਬ ਬਾਲ ਠਾਕਰੇ, ਤ੍ਰਿਭਵਨ ਗੁਪਤਾ ਪ੍ਰਧਾਨ ਰਾਮਨੋਮੀ ਸ਼ੋਭਾ ਯਾਤਰਾ ਕਮੇਟੀ, ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ, ਰੇਖਾ ਮਾਨ ਨੈਸ਼ਨਲ ਐਵਾਰਡੀ, ਐਲ.ਆਰ. ਗੁਪਤਾ, ਰਾਕੇਸ਼ ਮੋਦੀ, ਇੰਜੀ: ਨਰਿੰਦਰ ਸਿੰਘ, ਐਸ.ਪੀ. ਕਾਂਸਲ, ਐਸ.ਆਰ.ਪਾਸੀ, ਸਤਿਆਪਾਲ ਸਲੂਜਾ, ਡਾ.ਨੀਰਜ ਭਾਰਦਵਾਜ, ਬੀਰ ਚੰਦ ਖੁਰਮੀ, ਹਿਤੇਸ਼ ਸੇਠ ਆਦਿ ਹਾਜਰ ਹੋਏ। ਜਿਨ੍ਹਾਂ ਨੇ ਸਾਂਝੇ ਤੌਰ ਤੇ 42 ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ। ਜਿਨ੍ਹਾਂ ਵਿੱਚ ਸ੍ਰੀਮਤੀ ਸੁਖਵਿੰਦਰ ਕੌਰ, ਕਰਨਬੀਰ ਸਿੰਘ ਸੰਧੂ, ਪ੍ਰਿੰਸੀਪਲ ਰੇਨੂੰ ਹੰਸਪਾਲ, ਮੁਕੇਸ਼ ਸਿੰਗਲਾ, ਡਾ. ਕੁਲਦੀਪ ਸਿੰਘ ਸੱਗੂ, ਸੁੰਦਰ ਲਾਲ ਸਿੰਗਲਾ, ਅਸ਼ਵਨੀ ਕੁਮਾਰ, ਵੈਭਵ ਗੁਪਤਾ ਸੋਲਨ, ਪ੍ਰਵੀਨ ਕੁਮਾਰ, ਐਡਵੋਕੇਟ ਸੁਰਿੰਦਰ ਮੋਹਨ ਸਿੰਗਲਾ, ਇੰਜੀ: ਹੰਸ ਸਿੰਘ, ਪ੍ਰੀਤਇੰਦਰ ਸਿੰਘ, ਨਰਿੰਦਰ ਸਿੰਘ, ਕ੍ਰਿਸ਼ਨਾ ਗੁਪਤਾ, ਜਤਿੰਦਰ ਗੁਪਤਾ, ਗਰੀਸ਼ ਮਿੱਤਲ, ਰਾਜ ਕੁਮਾਰ ਕਾਂਸਲ, ਰਵਿੰਦਰ ਕੁਮਾਰ ਟੋਨੀ, ਅਨਿਤਾ ਗੁਪਤਾ, ਯੋਗੇਸ਼ ਅਗਰਵਾਲ, ਹਰਪ੍ਰੀਤ ਕੌਰ, ਰੋਹਿਤ ਸੇਠ, ਸ਼ੰਕਰ ਭਾਰਦਵਾਜ, ਅਨਿਲ ਕੁਮਾਰ, ਨਰਿੰਦਰ ਕੁਮਾਰ ਮਿੱਤਲ, ਜਗਦੀਸ਼ ਵਰਮਾ, ਡਾ. ਵੀਰਪਾਲ ਕੌਰ, ਗੁਰਪ੍ਰੀਤ ਸਿੰਘ, ਸਤੀਸ਼ ਬਾਂਸਲ, ਮਨੀਸ਼ ਮਿੱਤਲ, ਰੂਪ ਸਿੰਘ, ਨਿਸ਼ਾ ਰਾਣੀ, ਭਵਰ ਸਿੰਘ ਰਾਜਪ੍ਰੋਹਿਤ, ਜਸਬੀਰ ਸਿੰਘ, ਰੀਮਾ ਰਾਨੀ, ਅਨੀਤਾ ਸ਼ਾਰਦਾ, ਅਮਨਦੀਪ ਕੌਰ, ਅਮਨਦੀਪ ਕੌਰ, ਤਾਨੀਆ ਡਾਂਗ, ਗੁਰਵਿੰਦਰ ਕੌਰ, ਵਿਪਨ ਤਲਵਾਰ ਆਦਿ ਨੂੰ ਸ਼ਾਨ ਏ ਪੰਜਾਬ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਮੰਚ ਸੰਚਾਲਣਾ ਡਾ. ਧਰਮਿੰਦਰ ਸੰਧੂ ਨੇ ਬਾਖੂਬੀ ਨਿਭਾਈ ਅਤੇ ਮਮਤਾ ਠਾਕੁਰ, ਮੁਨੀਸ਼ ਕੁਮਾਰ, ਮਾਨਿਕ, ਸੋਨੂੰ, ਰਾਮ ਸ਼ਰਨ, ਵਿਲੀਅਮਜੀਤ ਆਦਿ ਨੇ ਪ੍ਰੋਗਰਾਮ ਨੂੰ ਸਫਲ ਕਰਨ ਲਈ ਪੂਰਾ ਸਹਿਯੋਗ ਦਿੱਤਾ।

# ਹਰਜਿੰਦਰ ਕੌਰ ਚੱਬੇਵਾਲ ਬਣੇ ਯੂਥ ਕਾਂਗਰਸ ਦੇ ਸੂਬਾ ਵਾਇਸ ਪ੍ਰਧਾਨ

## ਯੂਥ ਕਾਂਗਰਸੀ ਤੇ ਦਲਿਤਾਂ ਅੰਦਰ ਖੁਸ਼ੀ ਦੀ ਲਹਿਰ

- ਥਾਂ-ਥਾਂ ਲੱਡੂ ਵੰਡ ਕੀਤਾ ਜੋਰਦਾਰ ਸਵਾਗਤ
- ਹਰਜਿੰਦਰ ਕੌਰ ਚੱਬੇਵਾਲ ਮਿਹਨਤੀ ਮਹਿਲਾ : ਪ੍ਰਧਾਨ ਸਾਜਨ ਕਾਂਗੜਾ





**ਸੰਗਰੂਰ/ਵਰਮਾ**

ਇੰਡੀਅਨ ਯੂਥ ਕਾਂਗਰਸ ਵੱਲੋਂ ਪਾਰਟੀ ਵਿੱਚ ਚੰਗੀਆਂ ਸੇਵਾਵਾਂ ਨਿਭਾਉਣ ਵਾਲੇ ਵਰਕਰਾਂ ਨੂੰ ਉਤਸ਼ਾਹਿਤ ਕਰਦਿਆਂ ਤਰੱਕੀਆਂ ਦਿਤੀਆਂ ਗਈਆਂ ਹਨ। ਜਿਸ ਦੇ ਚਲਦਿਆਂ ਜਿਲਾ ਹੁਸ਼ਿਆਰਪੁਰ ਨਾਲ ਸਬੰਧਤ ਸਰਗਰਮ ਅਤੇ ਮਿਹਨਤੀ ਦਲਿਤ ਮਹਿਲਾ ਆਗੂ ਸਰਪੰਚ ਹਰਜਿੰਦਰ ਕੌਰ ਚੱਬੇਵਾਲ ਜੋ ਕਿ ਪੰਜਾਬ ਯੂਥ ਕਾਂਗਰਸ ਵਿੱਚ ਬਤੌਰ ਸੂਬਾ ਜਨਰਲ ਸਕੱਤਰ ਅਪਣੀਆਂ ਸੇਵਾਵਾਂ ਨਿਭਾ ਰਹੇ ਸਨ, ਨੂੰ ਸ਼੍ਰੀ ਰਾਹੁਲ ਗਾਂਧੀ, ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਅਤੇ ਸਮੁੱਚੀ ਕਾਂਗਰਸ ਹਾਈਕਮਾਂਡ ਵੱਲੋਂ ਪੰਜਾਬ ਯੂਥ ਕਾਂਗਰਸ ਦਾ ਸੂਬਾ ਵਾਇਸ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਜਿਸ ਦਾ ਯੂਥ ਕਾਂਗਰਸੀਆ ਅਤੇ ਪੰਜਾਬ ਭਰ ਦੇ ਦਲਿਤ ਭਾਈਚਾਰੇ ਵੱਲੋ ਜੋਰਦਾਰ ਸਵਾਗਤ ਕੀਤਾ ਜਾ ਰਿਹਾ ਹੈ। ਅੱਜ ਜਿਲ੍ਹਾ ਸੰਗਰੂਰ ਦੇ ਵੱਖ-ਵੱਖ ਜਗ੍ਹਾ ਤੇ ਲੱਡੂ ਵੰਡ ਕੇ ਢੋਲ ਢਮੱਕਿਆ ਨਾਲ਼ ਹਰਜਿੰਦਰ ਕੌਰ ਚੱਬੇਵਾਲ ਦੀ ਨਿਯੁਕਤੀ ਦਾ ਜੋਰਦਾਰ ਸਵਾਗਤ ਕੀਤਾ ਗਿਆ। ਜਿੱਥੇ ਸੰਗਰੂਰ ਵਿਖੇ ਵਿਧਾਨ ਸਭਾ ਯੂਥ ਕਾਂਗਰਸ ਸੰਗਰੂਰ ਦੇ ਪ੍ਰਧਾਨ ਸਾਜਨ ਕਾਂਗੜਾ ਤੇ ਜਿਲ੍ਹਾ ਯੂਥ ਕਾਂਗਰਸ ਸੰਗਰੂਰ ਦੇ ਵਾਇਸ ਪ੍ਰਧਾਨ ਸ਼੍ਰੀਮਤੀ ਅਰਾਧਨਾ ਵੱਲੋ ਸੰਗਰੂਰ ਵਿਖੇ ਜਿਲ੍ਹਾ ਯੂਥ ਕਾਂਗਰਸ ਸੰਗਰੂਰ ਦੇ ਜਨਰਲ ਸਕੱਤਰ ਸ਼੍ਰੀਮਤੀ ਸੁਖਵਿੰਦਰ ਕੌਰ ਦੀ ਅਗਵਾਈ ਹੇਠ ਧੂਰੀ ਵਿਖੇ ਬੇਬੀ ਕੌਰ ਜਨਰਲ ਸਕੱਤਰ ਜਿਲ੍ਹਾ ਯੂਥ ਕਾਂਗਰਸ, ਰਾਜਪਾਲ ਰਾਜੂ ਸਾਰੋ, ਸਤਪਾਲ ਕੌਰ ਬਹਾਦਰਪੁਰ, ਬਿੱਕਰ ਸਿੰਘ ਚੱਠਾ, ਪਰਮਜੀਤ ਮੋੜਾ, ਸ਼ਿਵਜੀ ਸਿੰਘ ਸੰਗਤਪੁਰਾ, ਬਲਜੀਤ ਕੌਰ ਅਕੋਈ ਸਾਹਿਬ, ਸ਼ਾਮ ਸਿੰਘ ਬੰਗਾਵਾਲੀ ( ਅੱਠੇ ਮੌਜੂਦਾ ਮੈਂਬਰ ਬਲਾਕ ਸੰਮਤੀ ) ਦੀ ਅਗਵਾਈ ਹੇਠ ਜਿਲ੍ਹੇ ਦੇ ਵੱਖ ਵੱਖ ਪਿੰਡਾਂ ਅੰਦਰ ਖੁਸ਼ੀ ਵਿੱਚ ਲੱਡੂ ਵੰਡੇ ਗਏ। ਇਸ ਸਬੰਧੀ ਦਲਿਤ ਵੈਲਫੇਅਰ ਸੰਗਠਨ ਪੰਜਾਬ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ, ਮਨੀਸ਼ ਸੋਨੀ ਚੇਅਰਮੈਨ ਮਾਰਕੀਟ ਕਮੇਟੀ ਸੁਨਾਮ, ਰਾਜਵਿੰਦਰ ਕੌਰ ਚੇਅਰਪਰਸਨ ਬਲਾਕ ਸੰਮਤੀ ਮਾਲੇਰਕੋਟਲਾ, ਹਰਵਿੰਦਰ ਕੌਰ ਤੇ ਵਿੱਦਿਆ ਦੇਵੀ (ਦੋਵੇਂ ਕੌਂਸਲਰ ਭਵਾਨੀਗੜ੍ਹ) ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਮੈਡਮ ਮੰਜੂ ਹਰਕਿਰਨ ਮਾਲੇਰਕੋਟਲਾ, ਯੂਥ ਵਿੰਗ ਦੇ ਸੂਬਾ ਪ੍ਰਧਾਨ ਮਲਕੀਤ ਸਿੰਘ ਫਿਰੋਜ਼ਪੁਰ, ਮਨਦੀਪ ਕੌਰ ਪ੍ਰਧਾਨ ਬਲਾਕ ਮਹਿਲਾ ਕਾਂਗਰਸ ਸੰਗਰੂਰ, ਰਾਣਾ ਬਾਲੂ ਜਿਲ੍ਹਾ ਪ੍ਰਧਾਨ ਕਾਂਗਰਸ ਸੇਵਾਦਲ ਸੰਗਰੂਰ, ਪਰਮਜੀਤ ਕੌਰ ਸੂਬਾ ਜਨਰਲ ਸਕੱਤਰ, ਰਾਣੀ ਕੌਰ ਠੀਕਰੀਵਾਲ ਸੂਬਾ ਜਨਰਲ ਸਕੱਤਰ, ਸੁਖਪਾਲ ਸਿੰਘ ਭੰਮਾਬੰਦੀ ਜਿਲ੍ਹਾ ਪ੍ਰਧਾਨ ਦਿਹਾਤੀ ਸੰਗਰੂਰ, ਕੌਂਸਲਰ ਮਲਕੀਤ ਸਿੰਘ ਜਿਲ੍ਹਾ ਪ੍ਰਧਾਨ ਬਰਨਾਲਾ, ਸਰਪੰਚ ਅਵਤਾਰ ਸਿੰਘ ਬਹਾਦਰਪੁਰ, ਦਲਿਤ ਸ਼ਕਤੀ ਸੰਗਰੂਰ ਦੇ ਪ੍ਰਧਾਨ ਰਵੀ ਕੁਮਾਰ ਚੌਹਾਨ, ਸੁੰਦਰ ਦਾਸ ਸਪੋਰਟ ਕਲੱਬ ਦੇ ਪ੍ਰਧਾਨ ਜਗਸੀਰ ਸਿੰਘ, ਬਾਬਾ ਜੀਵਨ ਸਿੰਘ ਕਲੱਬ ਦੇ ਪ੍ਰਧਾਨ ਵਿਨੋਦ ਕੁਮਾਰ ਆਦਿ ਆਗੂਆਂ ਨੇ ਕਿਹਾ ਕਿ ਸਰਪੰਚ ਹਰਜਿੰਦਰ ਕੌਰ ਚੱਬੇਵਾਲ ਯੂਥ ਕਾਂਗਰਸ ਦੇ ਨਾਲ ਨਾਲ ਪਿੰਡ ਖੇਰੜ ਰਾਵਲ ਬੱਸੀ ਦੇ ਸਰਪੰਚ ਅਤੇ ਦਲਿਤ ਵੈਲਫੇਅਰ ਸੰਗਠਨ ਪੰਜਾਬ ਦੇ ਸੂਬਾ ਵਾਇਸ ਪ੍ਰਧਾਨ ਸਣੇ ਹੋਰ ਵੀ ਸਮਾਜ ਸੇਵੀ ਸੰਸਥਾਵਾਂ ਨਾਲ ਜੁੜ ਕੇ ਅਪਣੀਆਂ ਸੇਵਾਵਾਂ ਨਿਭਾ ਰਹੇ ਹਨ। ਜਿਨ੍ਹਾਂ ਦਾ ਪੰਜਾਬ ਭਰ ਵਿੱਚ ਇੱਕ ਚੰਗਾ ਨਾਂਮ ਹੈ ਜੋ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਤੇਜ਼ ਤਰਾਰ ਸੀਨੀਅਰ ਮਹਿਲਾ ਆਗੂ ਸ਼੍ਰੀਮਤੀ ਪੂਨਮ ਕਾਂਗੜਾ ਦੇ ਅਤਿ ਨਜ਼ਦੀਕੀਆ ਵਿੱਚੋਂ ਗਿਣੇ ਜਾਂਦੇ ਹਨ। ਜਿਨ੍ਹਾਂ ਆਪਣੀ ਸਖਤ ਮਿਹਨਤ ਸਦਕਾ ਸਮਾਜ ਵਿੱਚ ਅਪਣੀ ਵੱਖਰੀ ਪਹਿਚਾਣ ਬਣਾਈ ਹੈ। ਉਨ੍ਹਾਂ ਕਿਹਾ ਕਿ ਸਰਪੰਚ ਹਰਜਿੰਦਰ ਕੌਰ ਚੱਬੇਵਾਲ ਨੂੰ ਕਾਂਗਰਸ ਹਾਈਕਮਾਂਡ ਵੱਲੋਂ ਪੰਜਾਬ ਯੂਥ ਕਾਂਗਰਸ ਦੀ ਸੂਬਾ ਵਾਇਸ ਪ੍ਰਧਾਨ ਬਣਾ ਕੇ ਸਹੀ ਸਮੇਂ ਤੇ ਸਹੀ ਨਿਰਣੇ ਲਿਆ ਹੈ। ਜਿਸ ਸਦਕਾ ਪੰਜਾਬ ਭਰ ਵਿੱਚ ਦਲਿਤ ਭਾਈਚਾਰਾ ਕਾਂਗਰਸ ਪਾਰਟੀ ਨਾਲ ਜੁੜੇਗਾ ਉਕਤ ਆਗੂਆਂ ਨੇ ਕਿਹਾ ਕਿ ਇਸ ਨਿਯੁਕਤੀ ਨਾਲ ਦਲਿਤ ਭਾਈਚਾਰੇ ਦੇ ਨਾਲ ਨਾਲ ਹੋਰ ਵਰਗ ਅੰਦਰ ਵੀ ਭਾਰੀ ਖੁਸ਼ੀ ਅਤੇ ਉਤਸ਼ਾਹ ਪਾਇਆ ਜਾ ਰਿਹਾ ਹੈ।

## ਨਈਂ ਉਡਾਨ ਸੋਸ਼ਲ ਐਂਡ ਵੈੱਲਫੇਅਰ ਸੁਸਾਇਟੀ ’ ਦੇ ਪ੍ਰਧਾਨ ਨਵੀਨ ਸਿੰਗਲਾ ਨੇ ਮੋਗਾ ਵਾਸੀਆਂ ਨੂੰ ਜਨਮਅਸ਼ਟਮੀ ਦੀਆਂ ਦਿੱਤੀਆਂ ਮੁਬਾਰਕਾਂ



**ਮੋਗਾ/ਦਵਿੰਦਰ ਸਿੰਘ ਬਿੱਟੂ**

ਨਈਂ ਉਡਾਨ ਸੋਸ਼ਲ ਐਂਡ ਵੈੱਲਫੇਅਰ ਸੁਸਾਇਟੀ ’ ਦੇ ਪ੍ਰਧਾਨ ਨਵੀਨ ਸਿੰਗਲਾ ਨੇ ਮੋਗਾ ਵਾਸੀਆਂ ਨੂੰ ਜਨਮਅਸ਼ਟਮੀਂ ਦੀਆਂ ਮੁਬਾਰਕਾਂ ਦਿੰਦਿਆਂ ਆਖਿਆ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਮਾਤਾ ਦੇਵਕੀ ਅਤੇ ਪਿਤਾ ਸ਼੍ਰੀ ਵਾਸੂਦੇਵ ਜੀ ਦੇ ਗ੍ਰਹਿ ਵਿਖੇ ਅਵਤਾਰ ਧਾਰਿਆ ਅਤੇ ਮਥੁਰਾ ਦੀਆਂ ਗਲੀਆਂ ਵਿਚ ਖੇਡਦਿਆਂ ਜਵਾਨ ਹੋਏ।ਉਹਨਾਂ ਆਖਿਆ ਕਿ ਭਗਵਾਨ ਕ੍ਰਿਸ਼ਨ ਨੇ ਨਾ ਸਿਰਫ਼ ਹੰਕਾਰ ਦੇ ਪ੍ਰਤੀਕ ਕੰਸ ਦਾ ਵਧ ਕੀਤਾ ਬਲਕਿ ਮਹਾਭਾਰਤ ਦੇ ਇਤਿਹਾਸਕ ਯੁੱਧ ਵਿਚ ਮਹਾਨ ਯੋਧਾ ਅਰਜੁਨ ਦੇ ਰਥ ਸਾਰਥੀ ਬਣਕੇ, ਸਚਾਈ ਦਾ ਸਾਥ ਦਿੰਦਿਆਂ , ਉਹਨਾਂ ਦਾ ਮਾਰਗ ਦਰਸ਼ਨ ਕੀਤਾ ਅਤੇ ਸਭ ਤੋਂ ਵੱਡੀ ਗੱਲ ਇਸੇ ਦੌਰਾਨ ਭਗਵਾਨ ਕ੍ਰਿਸ਼ਨ ਨੇ ਭਾਰਤੀ ਸੰਸਕ੍ਰਿਤੀ ਦੇ ਮਹਾਨ ਗ੍ਰੰਥ ਸ਼੍ਰੀ ਭਗਵਤ ਗੀਤਾ ਦੀ ਰਚਨਾ ਕੀਤੀ ਜੋ ਸਦੀਆਂ ਤੋਂ ਬ੍ਰਹਿਮੰਡ ਦੀ ਅਧਿਆਤਮਕ ਅਗਵਾਈ ਕਰ ਰਿਹਾ ਹੈ। ਸੀਨੀਅਰ ਕਾਂਗਰਸੀ ਆਗੂ ਨਵੀਨ ਸਿੰਗਲਾ ਨੇ ਮਾਤਾਵਾਂ ਨੂੰ ਵਿਸ਼ੇਸ਼ ਤੌਰ ’ਤੇ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸ਼੍ਰੀ ਭਗਵਤ ਗੀਤਾ ਜੀ ਦੇ ਮਹਾਨ ਉਪਦੇਸ਼ਾਂ ਨਾਲ ਜੋੜਨ ਤਾਂ ਕਿ ਸੱਭਿਅਕ ਸਮਾਜ ਦੀ ਸਿਰਜਣਾ ਹੋ ਸਕੇ।

# ਇੰਡਸਟਰੀ ਚੈਂਬਰ ਬਲਾਕ ਸੁਨਾਮ ਦੀ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਮੈਡਮ ਦਾਮਨ ਅਤੇ ਐੱਸ ਡੀ ਐੱਮ



- ਸੁਨਾਮ ਵਿੱਚ ਇੰਡਸਟਰੀਅਲ ਫੋਕਲ ਪੁਆਇੰਟ ਬਣਾਇਆ ਜਾਵੇ- ਘਣਸ਼ਿਆਮ ਕਾਂਸਲ

**ਸੁਨਾਮ/ਵਰਮਾ**

ਡਿਸਟਿਕ ਸੰਗਰੂਰ ਇੰਡਸਟਰੀ ਚੈਂਬਰ ਬਲਾਕ ਸੁਨਾਮ ਦੀ ਇੱਕ ਮੀਟਿੰਗ ਪ੍ਰਧਾਨ ਰਾਜੀਵ ਮੱਖਣ ਅਤੇ ਚੇਅਰਮੈਨ ਜਗਜੀਤ ਸਿੰਘ ਜੌੜਾ ਦੀ ਪ੍ਰਧਾਨਗੀ ਵਿੱਚ ਐੱਚ 9 ਰੈਸਟੋਰੈਂਟ ਸੁਨਾਮ ਵਿਖੇ ਹੋਈ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਇੰਚਾਰਜ ਮੈਡਮ ਦਾਮਨ ਥਿੰਦ ਬਾਜਵਾ, ਐਸ ਡੀ ਐਮ ਸੁਨਾਮ ਜਸਪ੍ਰੀਤ ਸਿੰਘ ਅਤੇ ਸਟਾਰ ਗੈਸਟ ਵਜੋਂ ਕਰਨ ਸਿੰਘ ਸੰਧੂ ਪੀਪੀਐਸ ਹਾਜ਼ਰ ਹੋਏ। ਜਿਸ ਵਿੱਚ ਡਿਸਟ੍ਰਿਕਟ ਪ੍ਰਧਾਨ ਘਣਸ਼ਿਆਮ ਕਾਂਸਲ ਨੇ ਮੁੱਖ ਮਹਿਮਾਨ ਨੂੰ ਇੰਡਸਟਰੀ ਚੈਂਬਰ ਵੱਲੋਂ ਸੁਨਾਮ ਵਿੱਚ ਇੰਡਸਟਰੀਅਲ ਫੋਕਲ ਪੁਆਇੰਟ ਬਣਾਉਣ ਲਈ ਬੇਨਤੀ ਕੀਤੀ। ਹਲਕਾ ਇੰਚਾਰਜ ਮੈਡਮ ਦਾਮਨ ਥਿੰਦ ਬਾਜਵਾ ਨੇ ਕਿਹਾ ਕਿ ਉਹ ਇਸ ਸਬੰਧੀ ਮੁੱਖ ਮੰਤਰੀ ਨਾਲ ਗੱਲ ਕਰਨਗੇ। ਐੱਸਡੀਐੱਮ ਜਸਪ੍ਰੀਤ ਸਿੰਘ ਨੇ ਚੈਂਬਰ ਨੂੰ ਭਰੋਸਾ ਦਿਵਾਇਆ ਕਿ ਇੰਡਸਟਰੀ ਸਬੰਧੀ ਕਿਸੇ ਵੀ ਸਮੱਸਿਆ ਲਈ ਮੈਨੂੰ ਮਿਲ ਸਕਦੇ ਹਨ। ਚੈਂਬਰ ਵੱਲੋਂ ਐੱਸਡੀਐੱਮ ਸੁਨਾਮ ਨੂੰ ਸ਼ਹਿਰ ਵਿੱਚ ਸਫਾਈ ਪ੍ਰਬੰਧਾਂ ਅਤੇ ਅਵਾਰਾ ਪਸ਼ੂਆਂ ਦੇ ਹੱਲ ਲਈ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਤਹਿਸੀਲਦਾਰ ਅਮਿਤ ਸ਼ਰਮਾ, ਸਕੱਤਰ ਮਨੀਸ਼ ਮੋਨੂੰ, ਪ੍ਰੋ ਵਿਜੇ ਮੋਹਨ, ਰਾਮ ਨਰਾਇਣ ਕਾਂਸਲ, ਲੱਕੀ ਗੋਇਲ, ਭਾਰਤ ਭੂਸ਼ਨ, ਸ਼ਸ਼ੀਕਾਂਤ, ਅਜੈਬ ਸੱਗੂ, ਕਰੁਣ ਬਾਂਸਲ, ਰਾਜੇਸ਼ ਗਰਗ, ਅਮਰ ਨਾਥ ਗਰਗ, ਰਾਜਨ ਗਰਗ, ਲਾਡੀ ਚੰਦ ਆਦਿ ਹਾਜਰ ਸਨ।

# 6 ਸਤੰਬਰ ਤੋਂ ਅਣਮਿੱਥੇ ਸਮੇਂ ਦੀ ਹੜਤਾਲ 7 ਤੋਂ ਮੁੱਖ ਮੰਤਰੀ ਦੀ ਰਹਾਇਸ ਅੱਗੇ ਪੱਕਾ ਮੋਰਚਾ



**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਪੰਜਾਬ ਰੋਡਵੇਜ ਪਨਬੱਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ ਯੂਨੀਅਨ ਵਲੋਂ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਸੂਬਾ ਕੈਸੀਅਰ ਬਲਜਿੰਦਰ ਸਿੰਘ ਬਰਾੜ .ਪ੍ਰਧਾਨ ਸੂਬਾ ਸਿੰਘ ਸੈਕਟਰੀ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਕੱਲ ਕੇਂਦਰ ਦੀ ਫਾਸੀਵਾਦ ਮੋਦੀ ਸਰਕਾਰ ਦੇ ਹੁਕਮਾਂ ਤਹਿਤ ਹਰਿਆਣਾ ਸਰਕਾਰ ਵੱਲੋਂ ਸਾਂਤੀਪੂਰਵਕ ਵਿਰੋਧ ਪ੍ਰਦਰਸਨ ਕਰਦੇ ਕਿਸਾਨਾਂ ਤੇ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ ਉਸ ਦਾ ਯੂਨੀਅਨ ਵੱਲੋਂ ਸਖਤ ਸਬਦਾਂ ਵਿੱਚ ਨਿਖੇਧੀ ਕੀਤੀ ਜਾਂਦੀ ਹੈ ਅਤੇ ਇਸ ਸਬੰਧੀ ਜੇਕਰ ਕਿਸਾਨ ਜੱਥੇਬੰਦੀਆਂ ਵਲੋਂ ਕੋਈ ਸਖਤ ਫੈਸਲਾ ਆਉਂਦਾ ਹੈ ਤਾਂ ਯੂਨੀਅਨ ਮੁਕੰਮਲ ਰੂਪ ਵਿੱਚ ਬੱਸਾਂ ਬੰਦ ਕਰਨ ਸਮੇਤ ਸਖਤ ਐਕਸਨ ਕਰਨ ਲਈ ਤਿਆਰ ਹੈ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਟਰਾਂਸਪੋਰਟ ਵਿਭਾਗ ਦੀ ਯੂਨੀਅਨ ਦੀਆਂ ਮੰਗਾਂ ਤੇ ਧਿਆਨ ਨਹੀਂ ਦਿੱਤਾ ਜਾ ਰਿਹਾ ਇਸ ਸਬੰਧੀ ਯੂਨੀਅਨ ਵਲੋਂ 6 ਸਤੰਬਰ ਤੋਂ ਅਣਮਿੱਥੇ ਸਮੇਂ ਦੀ ਹੜਤਾਲ ਕਰਕੇ 7 ਸਤੰਬਰ ਤੋਂ ਮੁੱਖ ਮੰਤਰੀ ਪੰਜਾਬ ਦੀ ਰਹਾਇਸ ਦਾ ਘਿਰਾਓ ਕਰਕੇ ਪੱਕਾ ਮੋਰਚਾ ਲਗਾਇਆ ਜਾਵੇਗਾ ਅਤੇ ਇਸ ਤੋਂ ਬਾਅਦ ਜੋ ਵੀ ਵਿਧਾਨ ਸਭਾ ਸੈਸਨ ਸੁਰੂ ਹੋਣ ਵਾਲਾ ਹੈ ਉਸਦੇ ਪਹਿਲੇ ਦਿਨ ਵਿਧਾਨ ਸਭਾ ਵੱਲ ਰੋਸ ਮਾਰਚ ਕਰਕੇ ਤਿੱਖੇ ਸੰਘਰਸ ਕੀਤੇ ਜਾਣਗੇ ਇਹਨਾਂ ਸੰਘਰਸਾਂ ਵਿੱਚ ਹੋਣ ਵਾਲੇ ਜਾਨੀ ਮਾਲੀ ਨੁਕਸਾਨ ਦੀ ਜੁੰਮੇਵਾਰ ਪੰਜਾਬ ਸਰਕਾਰ ਹੋਵੇਗੀ । ਇਸ ਮੌਕੇ ਜੁਆਇੰਟ ਸੈਕਟਰੀ ਮਨਜੀਤ ਸਿੰਘ ਕਨਵੀਨਰ ਬਚਿੱਤਰ ਸਿੰਘ ਸੰਧਾ ਹਰਵਿੰਦਰ ਸਿੰਘ ਜਸਨਪ੍ਰੀਤ ਸਿੰਘ ਭੁਪਿੰਦਰ ਸਿੰਘ ਦਵਿੰਦਰ ਸਿੰਘ. ਸੁਰਜੀਤ ਸਿੰਘ ਕਮਾਸ ਜਗਜੀਤ ਸਿੰਘ ਬਹਿਲ ਆਦਿ ਹਾਜਰ ਸਨ।






# ਧਾਰਮਿਕ ਸਥਾਨਾਂ ਦੀ ਯਾਤਰਾ ਲਈ ਸ਼ੈਲਰ ਮੁਨੀਮ ਯੂਨੀਅਨ ਦਾ ਜੱਥਾ ਰਵਾਨਾ

**ਲਹਿਰਾਗਾਗਾ/ਵਰਮਾ**

■ **ਸ਼ੈਲਰ ਐਸੋਸੀਏਸ਼ਨ ਦੇ ਸਰਪ੍ਰਸਤ ਐਡਵੋਕੇਟ ਗੌਰਵ ਗੋਇਲ ਅਤੇ ਪ੍ਰਧਾਨ ਚਰਨਜੀਤ ਸ਼ਰਮਾ ਨੇ ਝੰਡੀ ਦੇ ਕੇ ਯਾਤਰਾ ਰਵਾਨਾ ਕੀਤੀ**

ਸ਼ਹਿਰ ਲਹਿਰਾਗਾਗਾ ਤੋਂ ਸ਼ੈਲਰ ਮੁਨੀਮ ਯੂਨੀਅਨ ਦਾ ਇੱਕ ਜੱਥਾ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਰਵਾਨਾ ਹੋਇਆ। ਜਿਸ ਨੂੰ ਐਡਵੋਕੇਟ ਗੌਰਵ ਗੋਇਲ ਸਰਪ੍ਰਸਤ ਸ਼ੈਲਰ ਐਸੋਸੀਏਸ਼ਨ ਲਹਿਰਾ ਅਤੇ ਪ੍ਰਧਾਨ ਚਰਨਜੀਤ ਸ਼ਰਮਾ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਲੱਗਭੱਗ 60-70 ਸ਼ੈੱਲਰ ਮੁਲਾਜਮਾਂ ਨੇ ਹਿੱਸਾ ਲਿਆ। ਇਹ ਯਾਤਰਾ ਨਵੇਂ ਚੁਣੇ ਗਏ ਮੁਨੀਮ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਜੱਗੀ ਸ਼ਰਮਾ ਦੀ ਨਿਗਰਾਨੀ ਹੇਠ ਰਵਾਨਾ ਹੋਈ। ਇਸ ਮੌਕੇ ਐਡਵੋਕੇਟ ਗੌਰਵ ਗੋਇਲ ਅਤੇ ਚਰਨਜੀਤ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁਨੀਮ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਜੱਗੀ ਸ਼ਰਮਾ ਵੱਲੋਂ ਵੱਡੀ ਗਿਣਤੀ ਵਿੱਚ ਮੁਲਾਜਮਾਂ ਨੂੰ ਇਕੱਠਿਆਂ ਧਾਰਮਿਕ ਸਥਾਨਾਂ ਦੀ ਯਾਤਰਾ ਤੇ ਲੈ ਜਾਣ ਦਾ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ। ਅਜਿਹੇ ਉਪਰਾਲੇ ਸਮੇਂ-ਸਮੇਂ ਸਿਰ ਕਰਦੇ ਰਹਿਣੇ ਚਾਹੀਦੇ ਹਨ। ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕੇ। ਇਸ ਮੌਕੇ ਮੁਨੀਮ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਜੱਗੀ ਸ਼ਰਮਾ ਨੇ ਕਿਹਾ ਕਿ ਧਾਰਮਿਕ ਸਥਾਨਾਂ ਦੀ ਯਾਤਰਾ ਵਾਲੀ ਇਹ ਬੱਸ ਪਟਿਆਲਾ ਵਿਖੇ ਕਾਲੀ ਮਾਤਾ ਮੰਦਿਰ, ਆਨੰਦਪੁਰ ਸਾਹਿਬ, ਸਰਹਿੰਦ, ਨੈਣਾਂ ਦੇਵੀ ਤੋਂ ਹੁੰਦੀ ਹੋਈ ਵਾਪਸ ਲਹਿਰਾਗਾਗਾ ਵਿਖੇ ਪੁੱਜੇਗੀ। ਇਸ ਮੌਕੇ ਮਾਂ ਨੈਣਾਂ ਦੇਵੀ ਦੇ ਜੈਕਾਰਿਆਂ ਨਾਲ ਬੱਸ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਸਾਬਕਾ ਪ੍ਰਧਾਨ ਚਮਕੌਰ ਕਾਲਬੰਜਾਰਾ, ਅਵਤਾਰ ਭੰਗੂ, ਜ਼ੋਰਾ ਢੀਂਡਸਾ, ਜੰਟਾ ਸਿੰਘ ਭੁਟਾਲ, ਸਤਗੁਰ ਅਲੀਸ਼ੇਰ, ਸੋਨੀ ਬਖੋਰਾ, ਬਲਜਿੰਦਰ ਬਖੋਰਾ, ਰੋਹਿਤ ਰਾਏਧਰਾਨਾ, ਦੀਪ ਸੇਖੂਵਾਸ, ਸੋਨੀ ਭੁਟਾਲ, ਪ੍ਰਸ਼ੋਤਮ ਸ਼ਰਮਾ ਭੁਟਾਲ, ਸਤਿਗੁਰ ਸਿੰਘ ਭੁਟਾਲ, ਸਤਪਾਲ ਸ਼ਰਮਾ ਭੁਟਾਲ, ਸੋਨੀ ਸ਼ਰਮਾ ਭੁਟਾਲ, ਸਤਗੁਰ ਅਲੀਸ਼ੇਰ, ਸਤਪਾਲ ਸੇਖੋਂ, ਸ਼ਿਵ ਕੁਮਾਰ ਲਹਿਰਾ, ਬਿੱਟੂ ਲਹਿਰਾ, ਗੋਪੀ ਅੜਕਵਾਸ, ਜੋਰਾ ਹਰਿਆਊ, ਮਨਜੀਤ ਅਲੀਸ਼ੇਰ, ਸੁਰਿੰਦਰ ਲਹਿਰਾ ਸਮੇਤ ਵੱਡੀ ਗਿਣਤੀ ਵਿੱਚ ਹੋਰ ਸ਼ੈਲਰ ਮੁਲਾਜਮ ਵੀ ਹਾਜਰ ਸਨ।

# ਗਾਇਕ ਮੀਤ ਭੰਗੂ ਅਪਣਾ ਸਿੰਗਲ ਟ੍ਰੈਕ ਗੀਤ 'ਤੂਫਾਨ' ਲੈ ਕੇ ਹਾਜਰ




**ਬਰਨਾਲਾ/ਰਮਨਦੀਪ ਧਾਲੀਵਾਲ**

ਸਹਿਣਾ ਰਿਕਾਰਡਜ ਕੰਪਨੀ ਦੇ ਬੈਨਰ ਹੇਠ ਇੱਕ ਸਿੰਗਲ ਟ੍ਰੈਕ ਗੀਤ ਨੋਜਵਾਨ ਗਾਇਕ ਮੀਤ ਭੰਗੂ ਦੀ ਅਵਾਜ ਵਿੱਚ ਰੀਲੀਜ ਕੀਤਾ ਗਿਆ ਇਸ ਤੂਫਾਨ ਗੀਤ ਦੇ ਰਚੇਤਾ ਕੰਮਪੋਜਰ ਖੁਦ ਗਾਇਕ ਮੀਤ ਭੰਗੂ ਹੀ ਹਨ ਹੀਕਰ ਸਟਾਇਲ ਦੁਬਾਰਾ ਇਸ ਗੀਤ ਨੂੰ ਸੰਗੀਤ ਦਿੱਤਾ ਗਿਆ ਹੈ ਪੇਸਕਸ ਕਿੰਗ ਸਾਬ ਰਾਹੀ ਰੱਬ ਵਰਗੇ ਸਰੋਤਿਆਂ ਦੀ ਕਚਹਿਰੀ ਵਿੱਚ ਪੁਹੰਚਾਇਆ ਗਿਆ ਹੈ ਸਹਿਯੋਗੀ ਸੱਜਣ ਰੂਬੀ ਤੇ ਭਿੰਦੀ ਪੱਖੋਂ ਕਲਾਂ ਵਾਲੇ ਹਨ ਅਤੇ ਅਡਵਾਈਜਰ ਰਜਨਾ ਰੋਲੀ ਵਾਲਾ ਜੀ ਹਨ ਵੱਖਰੀ ਜਿਹੀ ਅਵਾਜ ਦੇ ਮਾਲਿਕ ਪੰਜਾਬੀ ਸਿੰਗਰ ਮੀਤ ਭੰਗੂ ਦਾ ਕਹਿਣਾ ਹੈ ਕਿ ਮੈਨੂੰ ਮੇਰੇ ਮੇਰੇ ਸਰੋਤਿਆਂ ਤੇ ਰੱਬ ਜਿੰਨਾ ਮਾਨ ਹੈ ਉਹਨਾਂ ਵਲੋਂ ਮਿਲੇ ਪਿਆਰ ਸਤਿਕਾਰ ਸਦਕੇ ਹੀ ਅੱਜ ਗਾਇਕੀ ਖੇਤਰ ਵਿੱਚ ਆਇਆਂ ਹਾਂ ਰਜਨੇ ਰੋਲੀ ਵਾਲੇ ਤੇ ਰੂਬੀ ਭਿੰਦੀ ਪੱਖੋਂ ਕਲਾਂ ਵਾਲੇ ਨੇ ਕਿਹਾਂ ਕਿ ਮਾਰਕੀਟ ਵਿੱਚ ਆਏ ਗੀਤ ਨੂੰ ਸਰੋਤੇ ਸਾਡੇ ਯੂ ਟਿਊਬ ਚੈਨਲ ਤੇ ਵੀ ਇਹੇ ਗੀਤ ਵੇਖ ਸੁਣ ਸਕਦੇ ਹਨ ਬਹੁਤ ਜਲਦੀ ਏਸੇ ਅਵਾਜ ਵਿੱਚ ਇੱਕ ਸਿੰਗਲ ਟਰੈਕ ਹੋਰ ਵੀ ਆ ਰਿਹਾ ਹੈ।

# ਬਰਨਾਲਾ ਸਹਿਰ ਦੀ ਨੰਬਰ1 ਬਾਂਸਲ ਸਲਾਹਕਾਰ ਕੰਪਨੀ ਨੇ ਵੀਹ ਸਟੱਡੀ ਵੀਜੇ ਲਗਵਾਏ

**ਬਰਨਾਲਾ/ਰਮਨਦੀਪ ਧਾਲੀਵਾਲ**

ਵਿਦੇਸਾਂ ਵਿੱਚ ਜਾ ਰਹੇ ਨੌਜਵਾਨਾਂ ਨੂੰ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਨੰਬਰ ਵੰਨ ਬਾਂਸਲ ਸਲਾਹਕਾਰ ਕੰਪਨੀ ਬਰਨਾਲਾ ਸਾਨਦਾਰ ਸੇਵਾਵਾਂ ਪ੍ਰਦਾਨ ਕਰ ਰਹੀ ਹੈ ਬੀਤੇ ਦਿਨੀ ਨੰਬਰ ਵੰਨ ਬਾਂਸਲ ਸਲਾਹਕਾਰ ਕੰਪਨੀ ਨੇ ਕਨੇਡਾ ਦੇ ਵੀਹ ਸਟੱਡੀ ਵੀਜੇ ਲਗਵਾਏ

ਕੇ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦਾ ਰਾਹ ਪੱਧਰ ਕੀਤਾ ਕੰਪਨੀ ਦੇ ਡਾਇਰੈਕਟਰ ਵਿਕਾਸ ਕੁਮਾਰ ਬਾਂਸਲ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕੰਪਨੀ ਨੇ ਸੈਕੜੇ ਨੌਜਵਾਨਾਂ ਦੇ ਸਟੱਡੀ ਅਤੇ ਮਾਪਿਆਂ ਦੇ ਵਿਸਟਰ ਵੀਜੇ ਲਗਵਾਏ ਵਿਦੇਸ ਜਾਣ ਦੇ ਚਾਹਵਾਨ ਲੋਕਾਂ ਨੂੰ ਸਾਡੀ ਕੰਪਨੀ ਵੱਲੋਂ ਵਧੀਆ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਇਸ ਮੌਕੇ ਦਲੇਰ ਸਿੰਘ ਮਾਂਗਟ, ਆਰ ਕੇ ਸਟੂਡੀਓ ਬਰਨਾਲਾ, ਮਾਸਟਰ ਨਿਰਮਲ ਸਿੰਘ ਨਿੰਮਾ,ਕੰਪਨੀ ਦਾ ਸਮੂਹ ਸਟਾਫ ਆਦਿ ਹਾਜਰ ਸਨ।




# ਡਾ ਵਿਨੋਦ ਸ਼ਰਮਾ ਨੇ ਸੁਰੇਸ ਸੇਠ ਨੂੰ ਕਵਿਤਾ ਸੰਗ੍ਰਹਿ ਭੇਟ ਕੀਤਾ

**ਚੰਡੀਗੜ੍ਹ/ਵਿਨੋਦ ਕੁਮਾਰ**

ਸਾਹਿਤਕਾਰ ਡਾ: ਵਿਨੋਦ ਕੁਮਾਰ ਸਰਮਾ ਨੇ "ਬਡੇਤੇ ਕਦਮ" ਦੁਆਰਾ ਰਚਿਤ ਕਵਿਤਾਵਾਂ ਦਾ ਸੰਗ੍ਰਹਿ ਜਲੰਧਰ ਤੋਂ ਆਏ ਸੀਨੀਅਰ ਅਤੇ ਪ੍ਰਸਿੱਧ ਸਾਹਿਤਕਾਰ ਸੁਰੇਸ ਸੇਠ ਨੂੰ ਭੇਟ ਕੀਤਾ। ਸੁਰੇਸ ਸੇਠ ਸੈਕਟਰ 34 ਦੇ ਗੁਰੂਦੁਆਰਾ ਸਾਹਿਬ ਵਿੱਚ ਇੱਕ ਸਮਾਜਿਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਆਏ ਸਨ। ਉਨ੍ਹਾਂ ਡਾ ਵਿਨੋਦ ਸਰਮਾ ਨੂੰ ਇਸ ਕਾਵਿ ਸੰਗ੍ਰਹਿ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਸਾਹਿਤਕ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਰਹਿਣ ਦੀ ਕਾਮਨਾ ਕੀਤੀ। ਇਸ ਮੌਕੇ ਸੀਨੀਅਰ ਸਾਹਿਤਕਾਰ ਪ੍ਰੇਮ ਵਿਜ ਅਤੇ ਸਾਹਿਤਕਾਰ ਹਰਿੰਦਰ ਸਿਨਹਾ ਵੀ ਮੌਜੂਦ ਸਨ। ਸੁਰੇਸ ਸੇਠ ਨੇ ਇਸ ਮੌਕੇ ਆਪਣੇ ਦੋ ਨਵੇਂ ਪ੍ਰਕਾਸਤ ਸੰਗ੍ਰਹਿ ਸਾਹਿਤਕਾਰਾਂ ਨੂੰ ਭੇਟ ਕੀਤੇ।



PB 32 LOUNGE AND BAR







M-85569-55644, 7888534947
CHD ROAD, Nawanshahr Mandi,
Nawanshahr - 144514, NEAR SUTLEJ CINEMA

# ਨਾਬਾਲਿਕ ਲੜਕੀ ਨੇ ਪਿਤਾ ਤੇ ਜਬਰ ਜਨਾਹ ਕਰਨ ਦਾ ਲਾਇਆ ਦੋਸ਼

**ਜੀਰਕਪੁਰ/ਰਵੀ ਜੀਰਕਪੁਰ**

ਜੀਰਕਪੁਰ ਪੁਲਿਸ ਨੇ ਇਕ ਨਾਬਾਲਿਕ ਲੜਕੀ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਉਸਦੇ ਕਲਯੁਗੀ ਪਿਤਾ ਖ਼ਿਲਾਫ਼ ਮਾਮਲਾ ਦਰਜ ਕਰ ਉਸ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਵਲੋਂ ਇਹ ਮਾਮਲਾ ਚਾਈਲਡ ਹੈਲਪ ਲਾਈਨ ਵੱਲੋਂ ਕੀਤੀ ਗਈ ਸ਼ਿਕਾਇਤ ਤੇ ਆਧਾਰ ਤੇ ਦਰਜ ਕੀਤਾ ਹੈ। ਪੀੜਤ ਲੜਕੀ ਵੱਲੋਂ ਦਿੱਤੀ ਸ਼ਿਕਾਇਤ ਵਿੱਚ ਉਸਨੇ ਦੱਸਿਆ ਕਿ ਉਸਦੇ ਮਾਤਾ ਪਿਤਾ ਉਸ ਨਾਲ ਮਾਰਕੁੱਟ ਕਰਦੇ ਸਨ ਜਿਸ ਤੋਂ ਬਚਣ ਲਈ ਉਹ ਪਹਿਲਾਂ ਦੋ ਵਾਰ ਘਰ ਤੋਂ ਭੱਜ ਵੀ ਚੁੱਕੀ ਸੀ। ਪਰ ਪੁਲਿਸ ਉਸਦੀ ਦੋਵੇਂ ਵਾਰ ਭਾਲ ਕਰ ਘਰ ਵਾਪਸ ਲੈ ਆਈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦਾ ਪਿਤਾ ਉਸ ਤੇ ਗੰਦੀ ਨਜਰ ਰੱਖਦਾ ਸੀ ਜਿਸ ਤੋਂ ਬਚਣ ਲਈ ਉਹ ਘਰ ਤੋਂ ਫ਼ਰਾਰ ਹੋਈ ਸੀ। ਉਸ ਨੇ ਦੋਸ਼ ਲਾਇਆ ਕਿ ਉਸਦਾ ਪਿਤਾ ਲੰਘੇ ਦਿਨਾਂ ਤੋਂ ਉਸ ਨਾਲ ਲਗਾਤਾਰ ਜਬਰ ਜਨਾਹ ਕਰ ਰਿਹਾ ਹੈ ਇਸ ਬਾਰੇ ਉਸ ਵੱਲੋਂ ਆਪਣੀ ਮਾਂ ਨੂੰ ਵੀ ਦੱਸਿਆ ਪਰ ਉਸਨੇ ਉਸ ਨੂੰ ਚੁੱਪ ਕਰਵਾ ਦਿੱਤਾ। ਉਸ ਵੱਲੋਂ ਇਸ ਖ਼ਿਲਾਫ਼ ਆਵਾਜ਼ ਚੁੱਕਣ ਤੇ ਉਸ ਨੂੰ ਬਿਹਾਰ ਆਪਣੇ ਪਿੰਡ ਲੈ ਗਏ ਜਿਥੇ ਉਸ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ । ਪਰ ਉਸ ਨੇ ਵਾਪਸ ਆ ਕੇ ਚਾਈਲਡ ਹੈਲਪ ਲਾਈਨ ਤੇ ਸਾਰੀ ਜਾਣਕਾਰੀ ਦਿੱਤੀ ਜਿਨ ਾਂ ਦੀ ਸ਼ਿਕਾਇਤ ਤੇ ਪੁਲਿਸ ਨੇ ਪਿਤਾ ਖ਼ਿਲਾਫ਼ ਜਬਰ ਜਨਾਹ ਕਰਨ ਅਤੇ ਉਸਦੀ ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਕਥਿਤ ਦੋਸ਼ੀ ਪਿਤਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਗੱਡੀ 'ਚ ਸ਼ਰਾਬ ਪੀਂਦੇ 2 ਵਿਅਕਤੀ ਗ੍ਰਿਫ਼ਤਾਰ

**ਜੀਰਕਪੁਰ/ਰਵੀ ਜੀਰਕਪੁਰ** : ਜ਼ੀਰਕਪੁਰ ਪੁਲਿਸ ਨੇ ਜਨਤਕ ਥਾਂ 'ਤੇ ਗੱਡੀ 'ਚ ਸ਼ਰਾਬ ਪੀਂਦੇ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ ਾਂ ਖਿਲਾਫ ਮਾਮਲਾ ਦਰਜ ਕੀਤਾ ਹੈ ਜੀਰਕਪੁਰ ਥਾਣਾ ਮੁਖੀ ਨੇ ਦਸਿਆਂ ਕਿ ਪੁਲਿਸ ਨੇ ਗਸ਼ਤ ਦੌਰਾਨ ਵੀ ਆਈ ਪੀ ਸੜਕ ਤੇ ਗੱਡੀ ਵਿੱਚ ਬੈਠ ਕੇ ਸ਼ਰਾਬ ਪੀਣ ਦੇ ਦੋਸ਼ ਹੇਠ ਪ੍ਰਦੀਪ ਸੇਠੀ ਪੁੱਤਰ ਅਸ਼ੋਕ ਸੇਠੀ ਅਤੇ ਜੈ ਪਾਲ ਪੁੱਤਰ ਓਮਪ੍ਰਕਾਸ਼ ਵਾਸੀ ਜ਼ੀਰਕਪੁਰ ਖਿਲਾਫ ਮਾਮਲਾ ਦਰਜ ਕੀਤਾ ਹੈ ਉਨ ਾਂ ਚਿਤਾਵਨੀ ਦਿੱਤੀ ਕਿਸੇ ਵੀ ਵਿਅਕਤੀ ਨੂੰ ਜਨਤਕ ਥਾ ਤੇ ਸ਼ਰੇਆਮ ਸ਼ਰਾਬ ਨਹੀ ਪੀਣ ਦਿੱਤੀ ਜਾਵੇਗੀ।

## ਜੂਆ ਖੇਡਦੇ ਚਾਰ ਜਣੇ ਨਸ਼ੀਲੀ ਗੋਲੀਆਂ ਸਣੇ ਕਾਬੂ

**ਜੀਰਕਪੁਰ/ਰਵੀ ਜੀਰਕਪੁਰ** : ਢਕੋਲੀ ਖ਼ੇਤਰ ਦੇ ਇੱਕ ਹੋਟਲ 'ਚ ਜੂਆ ਖੇਡ ਰਹੇ ਚਾਰ ਵਿਅਕਤੀਆਂ ਨੂੰ ਪੁਲਿਸ ਵਲੋਂ ਕਾਬੂ ਕਰਕੇ ਉਨ ਾਂ ਪਾਸੋਂ 560 ਨਸ਼ੀਲੀ ਗੋਲੀਆਂ ਬਰਾਮਦ ਕੀਤੀਆਂ ਗਈਆ ਹਨ। ਢਕੋਲੀ ਥਾਣਾ ਮੁੱਖੀ ਇੰਸਪੈਕਟਰ ਦੀਪਇੰਦਰ ਸਿੰਘ ਬਰਾੜ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਗੋਪੀ ਜਿੰਦਲ, ਭੂਸ਼ਣ ਕੁਮਾਰ, ਬਾਲ ਕ੍ਰਿਸ਼ਨ ਅਤੇ ਅਜੇ ਗਰਗ ਹੋਟਲ ਵਸਾਤ, ਢਕੋਲੀ ਦੇ ਇੱਕ ਕਮਰੇ ਵਿੱਚ ਬੈਠ ਕੇ ਜੂਆ ਖੇਡ ਰਹੇ ਹਨ ਤੇ ਉਹਨਾਂ ਕੋਲ ਕਾਫ਼ੀ ਮਾਤਰਾ ਵਿੱਚ ਨਸ਼ੀਲੀ ਗੋਲੀਆ ਵੀ ਹਨ। ਜਿਸ ਤੇ ਪੁਲਿਸ ਨੇ ਏ ਐਸ ਆਈ ਨਿਰਮਲ ਸਿੰਘ ਦੀ ਅਗਵਾਈ ਵਿੱਚ ਛਾਪਾ ਮਾਰ ਕੇ ਕਥਿਤ ਦੋਸ਼ੀਆਂ ਨੂੰ ਮੌਕੇ ਤੇ ਕਾਬੂ ਕੀਤਾ ਗਿਆ। ਜਿਹਨਾਂ ਕੋਲੋ 560 ਨਸ਼ੀਲੀ ਗੋਲੀਆਂ ਤੇ 3300 ਰੁਪਏ ਨਗਦ ਬਰਾਮਦ ਕੀਤੇ ਗਏ। ਪੁਲਿਸ ਨੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਦੇਸ਼ ਦੇ ਸਭਿਆਚਾਰ ਨੂੰ ਜਾਨਣ ਦੀ ਰੁਚਿ ਰੱਖਦੇ ਹਨ ਪੰਜਾਬੀ, ਗੁਜਰਾਤ ਵਿਚ ਪੰਜਾਬ ਦੇ ਸੈਲਾਨਿਆਂ ਵਿਚ ਖਾਸਾ ਵਾਧਾ : ਜੀਨੂੰ ਦੇਵਨ

**ਚੰਡੀਗੜ੍ਹ/ਲੋਕ ਬਾਣੀ**

ਪਿੱਛਲੀ ਕਈ ਸਾਲਾਂ ਤੋਂ ਗੁਜਰਾਤ ਪੰਜਾਬਿਆਂ ਦੇ ਲਈ ਲੋਕਪ੍ਰਿਅ ਟੂਰਿਸਟ ਡੇਸਟੀਨੇਸ਼ਨ ਦੇ ਰੂਪ 'ਚ ਉਭਰ ਕੇ ਸਾਹਮਣੇ ਆਇਆ ਹੈ। ਚੰਡੀਗੜ੍ਹ ਅਤੇ ਪੰਜਾਬ ਦੇ ਮੁੱਖ ਸ਼ਹਿਰਾਂ ਤੋਂ ਬੇਹਤਰ ਕੁਨੇਕਵਿਟੀ, ਪੰਜਾਬੀਆਂ ਵਿਚ ਪੱਛਮੀ ਭਾਰਤ ਦੇ ਸਭਿਆਚਾਰ ਨੂੰ ਜਾਨਣ ਦੀ ਚਾਹ, ਗੁਜਰਾਤ ਵਿਚ ਸੁਰਖਿਅਤ ਮਾਹੌਲ ਆਦਿ ਕਈ ਕਾਰਣਾਂ ਨੇ ਕੌਰੋਨਾ ਕਾਲ ਨੂੰ ਛੱਡ ਕੇ ਪਿੱਛਲੇ ਕੁਝ ਸਮੇਂ ਤੋਂ ਪੰਜਾਬ ਤੋਂ ਆਉਣ ਵਾਲੇ ਸੈਲਾਨਿਆਂ ਦੀ ਗਿਣਤੀ ਵਿਚ ਖਾਸਾ ਵਾਧਾ ਦਰਜ ਕੀਤਾ ਹੈ। ਗੁਜਰਾਤ ਨੇ ਕੋਵਿਡ 19 ਨੂੰ ਸੰਯੋਜਤ ਤਰੀਕੇ ਦੇ ਨਾਲ ਮਾਤ ਦਿਤੀ ਹੈ ਅਤੇ ਨੇੜੇ ਭਵਿੱਖ ਵਿਚ ਸੁਬਾ ਸਰਕਾਰ ਇਸਤੋਂ ਨਿਪਟਣ ਦੇ ਲਈ ਹੋਰ ਜਿਆਦਾ ਤਿਆਰ ਹੈ। ਗੁਜਰਾਤ ਹੁਣ ਪੂਰੇ ਦੇਸ਼ ਦੇ ਸੁਆਗਤ ਦੇ ਲਈ ਤਿਆਰ ਹੈ। ਇਹ ਮੰਨਣਾ ਹੈ ਟੂਰਿਜਮ ਕਾਰਪੋਰੇਸ਼ਨ ਆਫ ਗੁਜਰਾਤ ਲਿਮੇਟਿਡ (ਟੀਸੀਜੀਐਲ) ਦੇ ਪ੍ਰਬੰਧ ਨਿਦੇਸ਼ਕ ਜੀਨੂੰ ਦੇਵਨ (ਆਈਏਐਸ) ਦਾ ਜੋ ਕਿ ਅਪਣੇ ਟੂਰਿਜਮ ਬੋਰਡ ਦੇ ਟ੍ਰੇਵਲ ਐਂਡ ਟੂਰਿਜਮ ਸ਼ੋਅ ਦੇ ਦੌਰਾਨ ਪਤਰਕਾਰਾਂ ਨੂੰ ਸੰਬੋਧਤ ਕਰ ਰਹੇ ਸਨ।

ਦੇਵਨ ਨੇ ਦਸਿਆ ਕਿ ਇਹ ਰੋਡ ਸ਼ੋਅ ਨੂੰ ਆਯੋਜਤ ਕਰਣ ਦੇ ਉਦੇਸ਼ ਗੁਜਰਾਤ ਦੇ ਸਭਿਆਚਾਰ ਅਤੇ ਟੂਰਿਸਟ ਥਾਂਵਾਂ ਨੂੰ ਉਤਰੀ ਭਾਰਤੀਆਂ ਦੇ ਨਾਲ ਜਾਣੂ ਕਰਵਾਉਣਾ ਸੀ। ਰੋਡ ਸ਼ੋਅ ਦੇ ਰਾਹੀਂ ਟੂਰਿਸਟ ਥਾਂਵਾਂ, ਉਤਪਾਦਾਂ ਅਤੇ ਟੂਰਿਸਟ ਆਯੋਜਨਾਂ ਦੀ ਜਾਣਕਾਰੀ ਪ੍ਰਦਾਨ ਕਰਵਾਈ ਗਈ। ਉਨ੍ਹਾਂ ਨੇ ਦਸਿਆ ਕਿ ਗੁਜਰਾਤ ਦੇ ਲਈ ਚੰਡੀਗੜ੍ਹ ਅਤੇ ਪੰਜਾਬ ਇਕ ਵੱਡਾ ਮਾਰਕੇਟ ਹੈ। ਉਨ੍ਹਾਂ ਨੇ ਦਸਿਆ ਕਿ ਪ੍ਰਾਚੀਨ ਸਿੰਧੂ ਘਾਟੀ ਸਭਿਅਤਾ ਦੇ ਖੰਡਹਰ ਤੋਂ ਲੈ ਕੇ ਏਤਿਹਾਸਿਕ ਬਾਵੜਿਆਂ ਤਕ, ਗੁਜਰਾਤ ਵਿਚ ਦਿਲਕੱਸ਼ ਡੇਸਟੀਨੇਸ਼ਨਾਂ ਦੀ ਭਰਮਾਰ ਹੈ ਜੋ ਕਿ ਯੂਨੇਸਕੋ ਧਰੋਹਰ ਥਾਂਵਾਂ ਵੀ ਹਨ। ਇਸ ਵਿਚ ਰਾਨੀ ਨੀ ਬਾਵ, ਚੰਪਾਨੇਰ ਪਾਵਾਗੜ੍ਹ ਪੁਰਾਤਨ ਬਾਗ, ਅਹਿਮਦਾਬਾਦ ਸ਼ਹਿਰ, ਲੋਥਲ ਦੇ ਪੂਰਾਤਨ ਅਵਸ਼ੇਸ਼, ਧੌਲਾਵੀਰਾ ਆਦਿ ਥਾਂਵਾ ਸ਼ਾਮਲ ਹਨ । ਰੋਡ ਸ਼ੋਅ ਦੇ ਦੌਰਾਨ ਟੀਸੀਜੀਐਲ ਦੁਆਰਾ ਹਾਲ ਹੀ ਵਿਚ ਕੀਤੀ ਗਈ ਕਈ ਪਹਿਲਾਂ ਨੂੰ ਵੀ ਦਰਸ਼ਾਇਆ ਗਿਆ ਜਿਨ੍ਹਾਂ ਨੂੰ ਬਹੁਤ ਵਧਿਆ ਰਿਸਪਾਂਸ ਪ੍ਰਾਪਤ ਹੋਇਆ ਹੈ। ਕਾਰਪੋਰੇਸ਼ਨ ਦੀ ਇਕ ਨਵੀਂ ਪਹਿਲ ਸੀਮਾ ਦਰਸ਼ਨ ਵਿਚ ਬਾਰਡਰ ਟੂਰਿਜਮ ਨੂੰ ਵਾਧਾ ਮਿਲ ਰਿਹਾ ਹੈ ਜਿਸ ਵਿਚ ਬਨਾਸਕਠਾ ਜਿਲੇ ਵਿਚ ਨੜਾਬੇਟ ਵਿਚ ਭਾਰਤ ਪਾਕਿਸਤਾਨ ਬਾਰਡਰ ਵਿਚ ਬੀਟਿੰਗ ਰਿਟ੍ਰਿਟ ਸਮਾਰੋਹ ਨੂੰ ਵੇਖਣ ਦਾ ਬੇਹਤਰੀਨ ਮੌਕਾ ਪ੍ਰਾਪਤ ਹੂੰਦਾ ਹੈ।




ਉਨ੍ਹਾਂ ਨੇ ਦਸਿਆ ਕਿ ਇਸੀ ਦੇ ਨਾਲ ਦੇਸ਼ ਦਾ ਪਹਿਲਾ ਡਾਇਨੋਸੋਰ ਮਿਯੂਜਿਅਮ ਐਂਡ ਫੌਸਿਲ ਪਾਰਕ ਵੀ ਮਹੀਸਾਗਰ ਜਿਲੇ ਦੇ ਰਾਈਯੌਲੀ ਪਿੰਡ ਵਿਚ ਹੈ ਜਿਸ ਨੂੰ ਦੇਸ਼ ਦੇ ਕੋਨੇ ਕੋਨੇ ਤੋਂ ਲੋਕੀ ਵੇਖਣ ਨੂੰ ਆਉਂਦੇ ਹਨ। ਵਿਸ਼ਵ ਦੀ ਸਭ ਤੋਂ ਵੱਡੀ ਪ੍ਰਤੀਮਾ ਯਾਨੀ ਸਟੇਚਯੂ ਆਫ ਯੂਨਿਟੀ ਗੁਜਰਾਤ ਅਤੇ ਭਾਰਤ ਦੀ ਸ਼ਾਨ ਦੇ ਰੂਪ ਵਿਚ ਵਿਦਿਆਮਾਣ ਹੈ। ਆਈਰਨ ਮੈਨ ਸਰਦਾਰ ਵਲੱਭ ਭਾਈ ਪਟੇਲ ਦੀ 182 ਮੀਟਰ ਉਚੀ ਇਸ ਪ੍ਰਤੀਮਾ ਨੂੰ ਵੇਖਣ ਦੇ ਲਈ ਰਿਕਾਰਡ ਸੰਖਿਆ ਵਿਚ ਸੈਲਾਨੀ ਆਉਂਦੇ ਹਨ। ਦੇਵਨ ਨੇ ਦਸਿਆ ਕਿ ਸੁਬੇ ਦੀ ਕਲਾ ਅਤੇ ਸਭਿਆਚਾਰ ਦੀ ਇਕ ਝਲਕ ਪ੍ਰਦਾਨ ਕਰਣ ਦੇ ਲਈ ਗੁਜਰਾਤ ਵਿਚ ਮੇਲਿਆਂ ਅਤੇ ਤਿਉਹਾਰਾਂ ਦਾ ਆਯੌਜਨ ਹੂੰਦਾ ਹੈ। ਇਨ੍ਹਾਂ ਵਿਚ ਸਾਪੂਤਾਰਾ ਮਾਨਸੂਨ ਮਹੋਤਸਵ, ਕੇਵੜਿਆ ਮਾਨਸੂਨ ਮਹੋਤਸਵ, ਤਰਨੇਤਾਰ ਮੇਲਾ, ਨਵਰਾਤਰੀ ਮਹੋਤਸਵ, ਸਾਸਨ ਗਿਰ ਮਹੋਤਸਵ, ਤੀਥਲ, ਮਾਧਵਪੁਰ ਅਤੇ ਮਾਂਡਵੀ ਦੇ ਸਮੁਦਰੀ ਤਟ ਸਹੋਤਸਵ ਸ਼ਾਮਲ ਹਨ। ਕੱਛ ਵਿਚ ਰਣ ਉਤਸਵ, ਅਹਿਮਦਾਬਾਦ ਅਤੇ ਸੁਬੇ ਭਰ ਵਿਚ ਆਯੌਜਤ ਹੋਣ ਵਾਲਾ ਇੰਟਰਨੈਸ਼ਨਲ ਕਾਇਟ ਫੈਸਟੀਵਲ ਵਿਚ ਲੋਕਾਂ ਵੀ ਵੱਡੀ ਤਾਇਦਾਦ ਵਿਚ ਭਾਗੀਦਾਰੀ ਵੇਖਣ ਨੂੰ ਮਿਲਦੀ ਹੈ।

# ਹਰਿਆਣਾ ਵਿੱਖੇ ਕਿਸਾਨਾਂ ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਬੀ ਕੇ ਯੂ ਉਗਰਾਹਾਂ ਨੇ ਸੜਕ ਜਾਮ ਕਰਕੇ ਕੀਤਾ ਰੋਸ਼ ਪ੍ਰਦਰਸ਼ਨ

**ਸੁਨਾਮ/ਵਰਮਾ**

ਹਰਿਆਣਾ ਦੀ ਖੱਟਰ ਸਰਕਾਰ ਵੱਲੋਂ ਭਾਜਪਾ ਦਾ ਸ਼ਾਂਤਮਈ ਵਿਰੋਧ ਕਰ ਰਹੇ ਕਿਸਾਨਾਂ ਤੇ ਵਹਿਸ਼ੀਆਨਾ ਤਰੀਕੇ ਨਾਲ ਕੀਤੇ ਲਾਠੀਚਾਰਜ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸੁਨਾਮ ਵਿਖੇ ਸੁਨਾਮ -ਪਟਿਆਲਾ- ਲਹਿਰਾਗਾਗਾ ਸੜਕ 12 ਤੋਂ 2 ਵਜੇ ਤੱਕ ਦੋ ਘੰਟੇ ਜਾਮ ਕਰਦੇ ਹੋਏ ਧਰਨਾ ਦਿੱਤਾ ਗਿਆ। ਜਿਸ ਵਿੱਚ ਭਾਰੀ ਗਿਣਤੀ ਵਿੱਚ ਕਿਸਾਨਾਂ ਅਤੇ ਔਰਤਾਂ ਨੇ ਭਾਗ ਲਿਆ। ਧਰਨੇ ਦੌਰਾਨ ਕੇਂਦਰ ਸਰਕਾਰ, ਹਰਿਆਣਾ ਅਤੇ ਪੰਜਾਬ ਸਰਕਾਰ ਖਿਲਾਫ ਜਮ ਕੇ ਨਾਅਰੇਬਾਜ਼ੀ ਕੀਤੀ ਗਈ। ਅੱਜ ਦੇ ਮੁੱਖ ਬੁਲਾਰਿਆਂ ਗੋਬਿੰਦ ਸਿੰਘ, ਰਾਮਸ਼ਰਨ ਸਿੰਘ, ਪਾਲ ਸਿੰਘ ਲਾਲੀ, ਮਿੰਦਰ ਸਿੰਘ, ਰਾਮਪਾਲ ਸ਼ਰਮਾ, ਹੈਪੀ ਸਿੰਘ, ਜਸਵੀਰ ਕੌਰ ਉਗਰਾਹਾਂ, ਮਨਜੀਤ ਕੌਰ ਤੋਲਾਵਾਲ, ਪਰਮਜੀਤ ਕੌਰ ਜਵੰਦਾ, ਲਵਪ੍ਰੀਤ ਕੌਰ ਧਰਮਗੜ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲਿਆਂਦੇ ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਵਿੱਚ ਭਾਜਪਾ ਮੰਤਰੀਆਂ ਅਤੇ ਆਗੂਆਂ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਹੋਇਆ ਹੈ। ਕੱਲ੍ਹ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਰਨਾਲ ਵਿਖੇ ਕਿਸੇ ਮੀਟਿੰਗ ਵਿੱਚ ਆਉਣਾ ਸੀ ਤਾਂ ਉਸ ਦਾ ਸ਼ਾਂਤਮਈ ਵਿਰੋਧ ਕਰਨ ਲਈ ਉਸ ਦੇ ਨੇੜੇ ਘਰੌਂਦਾ ਟੋਲ ਪਲਾਜ਼ਾ ਤੇ ਕਿਸਾਨ ਇਕੱਠੇ ਹੋ ਰਹੇ ਸਨ। ਜਿਨ੍ਹਾਂ ਤੇ ਹਰਿਆਣਾ ਸਰਕਾਰ ਦੇ ਆਦੇਸ਼ਾਂ ਤੇ ਪੁਲਿਸ ਵੱਲੋਂ ਅੰਨ੍ਹੇਵਾਹ ਵਹਿਸ਼ੀਆਨਾ ਢੰਗ ਨਾਲ ਲਾਠੀਚਾਰਜ ਕੀਤਾ ਗਿਆ। ਜਿਸ ਨਾਲ ਕਾਫੀ ਗਿਣਤੀ ਵਿੱਚ ਕਿਸਾਨ ਗੰਭੀਰ ਫੱਟੜ ਹੋ ਗਏ।ਸਿਰ ਪਾੜ ਦਿੱਤੇ ਗਏ, ਨੱਕ ਦੀ ਹੱਡੀ ਅਤੇ ਲੱਤਾਂ-ਬਾਹਾਂ ਤੋੜ ਕੇ ਕਿਸਾਨ ਲਹੂ-ਲੁਹਾਣ ਕਰ ਦਿੱਤੇ। ਬੁਲਾਰਿਆਂ ਨੇ ਭਾਜਪਾ ਸਰਕਾਰ ਦੇ ਇਸ ਵਹਿਸ਼ੀਆਨਾ ਹਮਲੇ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਲਾਠੀਚਾਰਜ ਕਰਕੇ ਕਿਸਾਨਾਂ ਦੇ ਸਿਰ ਪਾੜਨ ਦੇ ਹੁਕਮ ਦੇਣ ਵਾਲੇ ਦੋਸ਼ੀ ਐੱਸ ਡੀ ਐਮ ਕਰਨਾਲ ਨੂੰ ਬਰਖਾਸਤ ਕੀਤਾ ਜਾਵੇ, ਲਾਠੀਚਾਰਜ ਕਰਨ ਵਾਲੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ, ਜ਼ਖ਼ਮੀ ਕਿਸਾਨਾਂ ਦਾ ਚੰਗੇ ਹਸਪਤਾਲ ਤੋਂ ਮੁਫ਼ਤ ਇਲਾਜ ਕਰਵਾਇਆ ਜਾਵੇ ਅਤੇ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਬੁਲਾਰਿਆਂ ਨੇ ਪੰਜਾਬ ਦੀ ਕੈਪਟਨ ਸਰਕਾਰ ਵੱਲੋਂ ਕੱਲ ਜਲਿਆਂਵਾਲਾ ਵਿੱਚ ਭਾਜਪਾ ਦਾ ਵਿਰੋਧ ਕਰ ਰਹੇ ਕਿਸਾਨਾਂ, ਨੌਜਵਾਨਾਂ ਤੇ ਕੀਤੇ ਲਾਠੀਚਾਰਜ ਅਤੇ ਗ੍ਰਿਫਤਾਰੀਆਂ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਦੇ ਮੰਤਰੀਆਂ ਅਤੇ ਆਗੂਆਂ ਦਾ ਵਿਰੋਧ ਸ਼ਾਂਤਮਈ ਤਰੀਕੇ ਨਾਲ ਜਾਰੀ ਰਹੇਗਾ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਭੜਕਾਹਟ ਚ ਆਏ ਸ਼ਾਂਤਮਈ ਤਰੀਕੇ ਨਾਲ ਭਾਜਪਾ ਦਾ ਡਟ ਕੇ ਵਿਰੋਧ ਕਰਨ। ਕਿਉਂਕਿ ਭਾਜਪਾ ਆਗੂਆਂ ਵੱਲੋਂ ਭੜਕਾਹਟ ਪੈਦਾ ਕਰਵਾ ਕੇ ਦੇਸ਼ ਵਿੱਚ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬੇਗਾਨੀ ਹਕੂਮਤ ਵਾਂਗੂੰ ਫਾਸੀਵਾਦੀ ਭਾਜਪਾ ਹਕੂਮਤ ਵੱਲੋਂ ਕੀਤੇ ਅੰਨੇਵਾਹ ਲਾਠੀਚਾਰਜ ਨਾਲ ਕਿਸਾਨ ਸੁਸ਼ੀਲ ਕਾਂਜਲਾ ਨੂੰ ਸ਼ਹੀਦ ਕਰਨ ਤੇ ਖੱਟਰ ਸਰਕਾਰ ਦੀ ਨਿਖੇਧੀ ਕਰਦਿਆਂ ਦੋਸ਼ੀ ਅਧਿਕਾਰੀਆਂ ਤੇ ਕਤਲ ਦਾ ਮੁਕੱਦਮਾ ਦਰਜ ਕੀਤਾ ਜਾਵੇ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਸਨਮਤੀ ਸਕੂਲ ਵਿਖੇ ਧੂਮ-ਧਾਮ ਨਾਲ ਮਨਾਇਆ ਜਨਮ ਅਸ਼ਟਮੀ ਦਾ ਤਿਉਹਾਰ

**ਜਗਰਾਉ/ਅਰਜੁਨ ਸਹਿਜਪਾਲ**

ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਪ੍ਰਿੰਸਪਲ ਮੈਡਮ ਸਸੀ ਜੈਨ ਦੀ ਅਗਵਾਈ ਹੇਠ ਨਰਸਰੀ/ਕੇ.ਜੀ ਵਿਭਾਗ ਦੇ ਬੱਚਿਆ ਨੇ ਜਨਮਅਸਟਮੀ ਦਾ ਤਿਉਹਾਰ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਬੱਚੇ ਸ੍ਰੀ ਕ੍ਰਿਸਨ ਰਾਧਾ ਅਤੇ ਗੋਪੀਆਂ ਦੀਆਂ ਪੋਸਾਕਾ ਵਿੱਚ ਸਜ ਕੇ ਆਏ ਜੋ ਬਹੁਤ ਹੀ ਮਨਮੋਹਕ ਤੇ ਸੋਹਣੇ ਲੱਗ ਰਹੇ ਸਨ। ਬੱਚਿਆਂ ਨੇ ਸ੍ਰੀ ਕ੍ਰਿਸਨ ਦੇ ਜੀਵਨ ਨਾਲ ਸੰਬੰਧਿਤ ਸੁੰਦਰ ਝਾਕੀਆਂ ਵੀ ਕੱਢੀਆ। ਪ੍ਰਿੰਸੀਪਲ ਮੈਡਮ ਅਤੇ ਵਾਇਸ ਪ੍ਰਿੰਸੀਪਲ ਮੈਡਮ ਅਨੀਤਾ ਜੈਨ ਨੇ ਭਗਵਾਨ ਸ੍ਰੀ ਕ੍ਰਿਸਨ ਨੂੰ ਝੂਲਾ ਝੁਲਾਇਆ ਬੱਚਿਆਂ ਨੇ ਹੈਪੀ ਬਰਥ-ਡੇ- ਟੂ ਡੀਅਰ ਕ੍ਰਿਸਨਾ ਤੇ ਰਾਧੇ ਰਾਧੇ ਬੋਲਿਆ ਪ੍ਰਿੰਸੀਪਲ ਮੈਡਮ ਨੇ ਬੱਚਿਆਂ ਅਤੇ ਸਮੂਹ ਸਟਾਫ ਨੂੰ ਜਨਮਅਸਟਮੀ ਦੀਆਂ ਢੇਰ ਸਾਰੀਆਂ ਮੁਬਾਰਕਾਂ ਦਿੱਤੀਆਂ।



# ਵਿਧਾਇਕ ਡਾ: ਹਰਜੋਤ ਕਮਲ ਨੇ ਵਾਰਡ ਨੰਬਰ 31 'ਚ ਵਾਟਰ ਪਾਈਪ ਲਾਈਨ ਵਿਛਾਉਣ ਦੇ ਪ੍ਰੋਜੈਕਟ ਦੀ ਕਰਵਾਈ ਆਰੰਭਤਾ



**ਮੋਗਾ/ਦਵਿੰਦਰ ਸਿੰਘ ਬਿੱਟੂ**

ਵਿਧਾਇਕ ਡਾ: ਹਰਜੋਤ ਕਮਲ ਦੇ ਸੁਹਿਰਦ ਯਤਨਾਂ ਸਦਕਾ ਮੋਗਾ ਹਲਕੇ ਦੇ ਹੋ ਰਹੇ ਚਹੁਮਖੀ ਵਿਕਾਸ ਦੀ ਲੜੀ ਵਿਚ ਅੱਜ ਮੋਗਾ ਸ਼ਹਿਰ ਦੇ ਵਾਰਡ ਨੰਬਰ 31 ਵਿਚ ਵਾਟਰ ਪਾਈਪ ਲਾਈਨ ਵਿਛਾਉਣ ਦੇ ਪ੍ਰੋਜੈਕਟ ਦੀ ਆਰੰਭਤਾ ਹੋਈ। ਮੋਗਾ ਕੋਟਕਪੂਰਾ ਰੋਡ 'ਤੇ ਸਥਿਤ ਕੈਂਬਰਿੱਜ ਸਕੂਲ ਦੀ ਬੈਕ ਸਾਈਡ 'ਤੇ ਵਾਰਡ ਨੰਬਰ 31 'ਚ ਅੱਜ ਵਿਧਾਇਕ ਡਾ: ਹਰਜੋਤ ਕਮਲ ਨੇ ਖੁਦ ਪਹੁੰਚ ਕੇ ਪ੍ਰੋਜੈਕਟ ਦੀ ਆਰੰਭਤਾ ਕਰਵਾਈ। ਇਸ ਮੌਕੇ ਕਾਂਗਰਸ ਦੇ ਸੀਨੀਅਰ ਆਗੂ ਡਾ: ਹਰਜੀਵਨ ਸਿੰਘ, ਐਮ ਸੀ ਗੁਰਦੀਪ ਕੌਰ, ਐਮ ਸੀ ਬੂਟਾ ਸਿੰਘ, ਕਰਮਜੀਤ ਸਿੰਘ ਬੱਬੀ, ਹੈਪੀ ਸਿੰਘ, ਕਰਨ ਧਾਲੀਵਾਲ, ਮੱਘਰ ਸਿੰਘ, ਕੁਲਦੀਪ ਢਿੱਲੋਂ, ਮਿਸਟਰ ਟਿੱਕੂ, ਪਵਨ ਕੁਮਾਰ, ਸ਼ੇਰਾ ਸਿੰਘ ਅਤੇ ਸਮੂਹ ਮੁਹੱਲਾ ਨਿਵਾਸੀਆਂ ਨੇ ਵਿਧਾਇਕ ਡਾ: ਹਰਜੋਤ ਕਮਲ ਦਾ ਨਿੱਘਾ ਸਵਾਗਤ ਕੀਤਾ।

**■ ਪਿਛਲੇ 20-25 ਸਾਲਾਂ ਤੋਂ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਵਾਰਡ ਵਾਸੀਆਂ ਨੇ ਵਿਧਾਇਕ ਡਾ: ਹਰਜੋਤ ਕਮਲ ਦਾ ਕੀਤਾ ਧੰਨਵਾਦ**

ਇਸ ਮੌਕੇ ਵਿਧਾਇਕ ਡਾ: ਹਰਜੋਤ ਕਮਲ ਨੇ ਵਾਰਡ ਵਾਸੀਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਪਾਈਪ ਲਾਈਨ ਵਿਛਣ ਉਪਰੰਤ ਉਹਨਾਂ ਦੇ ਵਾਰਡ ਦੀਆਂ ਗਲੀਆਂ ਨਾਲੀਆਂ ਅਤੇ ਸਟਰੀਟ ਲਾਈਟਾਂ ਦਾ ਕੰਮ ਵੀ ਛੇਤੀ ਸ਼ੁਰੂ ਕਰਵਾਇਆ ਜਾਵੇਗਾ ਜਿਸ ਨਾਲ ਮੁਹੱਲਾ ਨਿਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ। ਵਿਧਾਇਕ ਡਾ: ਹਰਜੋਤ ਕਮਲ ਨੇ ਆਖਿਆ ਮੋਗਾ ਹਲਕਾ ਉਹਨਾਂ ਦਾ ਆਪਣਾ ਪਰਿਵਾਰ ਹੈ ਅਤੇ ਉਹ ਇਸ ਗੱਲ 'ਤੇ ਪੂਰੀ ਤਰਾਂ ਪਹਿਰਾ ਦੇਣਗੇ ਕਿ ਹਲਕੇ ਦਾ ਕੋਈ ਕੋਨਾ ਵਿਕਾਸ ਵਿਹੂਣਾ ਨਾ ਰਹੇ।

ਇਸ ਮੌਕੇ ਐਮ ਸੀ ਗੁਰਦੀਪ ਕੌਰ ਨੇ ਦੱਸਿਆ ਕਿ ਪਿਛਲੇ 20-25 ਸਾਲਾਂ ਤੋਂ ਇਹ ਬਸਤੀ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਨਾਲ ਜੂਝ ਰਹੀ ਸੀ ਅਤੇ ਜਦੋਂ ਉਹਨਾਂ ਨੇ ਮੁਹੱਲਾ ਵਾਸੀਆਂ ਦੀ ਇਸ ਗੰਭੀਰ ਸਮੱਸਿਆ ਨੂੰ ਵਿਧਾਇਕ ਡਾ: ਹਰਜੋਤ ਕਮਲ ਦੇ ਧਿਆਨ ਵਿਚ ਲਿਆਂਦਾ ਤਾਂ ਵਿਧਾਇਕ ਡਾ: ਹਰਜੋਤ ਕਮਲ ਨੇ ਪਿਛਲੇ ਦਿਨੀਂ ਖੁਦ ਇਸ ਬਸਤੀ ਦਾ ਦੌਰਾ ਕੀਤਾ। ਉਹਨਾਂ ਦੱਸਿਆ ਕਿ ਡੇਢ ਮਹੀਨਾ ਪਹਿਲਾਂ ਇੱਥੋਂ ਦੀ ਸੀਵਰੇਜ ਦੀ ਸਮੱਸਿਆ ਦਾ ਹੱਲ ਕਰਵਾਉਣ ਦੇ ਨਾਲ ਨਾਲ ਹੀ ਅੱਜ ਪਾਣੀ ਦੀ ਸਮੱਸਿਆ ਦੇ ਪੱਕੇ ਹੱਲ ਲਈ ਵੀ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਉਹਨਾਂ ਦੱਸਿਆ ਕਿ ਸਰਕਾਰੀ ਪਾਣੀ ਦੀ ਪਾਈਪ ਲਾਈਨ ਵਿਛਣ ਨਾਲ ਹੁਣ ਵਾਰਡ ਨੰਬਰ 31 ਦੇ ਲਗਭਗ 150 ਘਰਾਂ ਦੀ ਪਾਣੀ ਦੀ ਸਮੱਸਿਆ ਦਾ ਪੱਕੇ ਤੌਰ 'ਤੇ ਹੱਲ ਹੋ ਜਾਵੇਗਾ।

# ਲਾਠੀਚਾਰਜ ਦੇ ਵਿਰੋਧ ਵਿਚ ਕੀਤਾ ਰੋਡ ਜਾਮ

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**



ਕੇਂਦਰ ਸਰਕਾਰ ਖਲਿਾਫ ਕਾਲੇ ਕਾਨੂੰਨ ਦੀ ਵਾਪਸੀ ਨੂੰ ਲੈ ਕੇ ਦਿੱਲੀ ਦੇ ਵੱਖ-ਵੱਖ ਬਾਡਰਾ ਤੇ ਸਯੁਕਤ ਕਿਸਾਨ ਮੋਰਚੇ ਵੱਲੋਂ ਚੱਲ ਰਹੇ ਧਰਨੇ ਦੌਰਾਨ ਹਰਿਆਣਾ ਸਰਕਾਰ ਵੱਲੋਂ ਕਰਨਾਲ ਵਿਖੇ ਕਿਸਾਨਾਂ ਉਤੇ ਕੀਤੇ ਗਏ ਲਾਠੀਚਾਰਜ ਦੀ ਨਿੰਦਾ ਕਰਦੇ ਹੋਏ ਅੱਜ 12 ਵਜੇ ਤੋਂ 2 ਵਜੇ ਤੱਕ ਰੋਡ ਜਾਮ ਕਰਨ ਦਾ ਸੱਦਾ ਦਿੱਤਾ ਗਿਆ ਸੀ। ਜਿਸ ਦੇ ਮੱਦੇਨਜਰ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਤਹਿਸੀਲ ਪ੍ਰਧਾਨ ਨਛੱਤਰ ਸਿੰਘ ਰਸੂਲਪੁਰ ਦੀ ਅਗਵਾਈ ਹੇਠ ਜਲੰਧਰ ਰੋਡ ਤੇ ਸਥਿਤ ਟੋਲ ਪਲਾਜਾ ਵਿਖੇ 12 ਵਜੇ ਤੋਂ 2 ਵਜੇ ਤੱਕ ਰੋਡ ਜਾਮ ਕੀਤਾ ਗਿਆ। ਏਸ ਰੋਡ ਜਾਮ ਦੌਰਾਨ ਕੀਤੇ ਗਏ ਲਾਠੀਚਾਰਜ ਦੀ ਨਿੰਦਾ ਕਰਦੇ ਕਰਦੇ ਹੋਏ ਬੁਲਾਰੀਆ ਵੱਲੋਂ ਕਿਸਾਨਾਂ ਵੱਲੋਂ ਲਾਠੀਚਾਰਜ ਦੇ ਆਦੇਸ ਦੇਣ ਵਾਲੇ ਐਸਡੀ ਐਮ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ। ਇਸ ਮੌਕੇ ਹਰਿਆਣਾ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ ਗਈ। ਇਸ ਅਵਸਰ ਤੇ ਗੁਰਨਾਮ ਸਿੰਘ ਸਰਪੰਚ, ਗੁਰਨਾਮ ਸਿੰਘ ਕਮਾਲਕੇ, ਜਰਨੈਲ ਸਿੰਘ ਬਾਬਾ ਅਰਜਨ ਸਿੰਘ ਸਰਵਪ੍ਰੀਤ ਸਿੰਘ ਗੁਰਮੇਜ ਸਿੰਘ ਬਲਵੀਰ ਸਿੰਘ ਮਿਹਰ ਸਿੰਘ ਸਮੇਤ ਭਾਰੀ ਗਿਣਤੀ ਵਿੱਚ ਕਿਸਾਨ ਆਗੂ ਤੇ ਵਰਕਰ ਹਾਜਰ ਸਨ।

# ਟੀਮ ਹਰਜੋਤ' ਦਾ ਵਿਸਥਾਰ ਕਰਦਿਆਂ ਵਿਧਾਇਕ ਡਾ: ਹਰਜੋਤ ਕਮਲ ਨੇ ਪਿੰਡ ਸਾਫੂਵਾਲਾ ਦੇ ਉਤਸ਼ਾਹੀ ਨੌਜਵਾਨਾਂ ਨੂੰ ਵੰਡੇ ਨਿਯੁਕਤੀ ਪੱਤਰ



**ਮੋਗਾ/ਦਵਿੰਦਰ ਸਿੰਘ ਬਿੱਟੂ**

ਮੋਗਾ ਹਲਕੇ ਵਿਚ ਵਿਕਾਸ ਕਾਰਜਾਂ ਦੀ ਰਫਤਾਰ ਹੋਰ ਤੇਜ਼ ਕਰਨ ਅਤੇ ਕਾਂਗਰਸ ਦੀਆਂ ਸੁਹਿਰਦ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਵਿਧਾਇਕ ਡਾ: ਹਰਜੋਤ ਕਮਲ ਵੱਲੋਂ 'ਟੀਮ ਹਰਜੋਤ' ਦਾ ਵਿਸਥਾਰ ਕਰਦੇ ਹੋਏ ਪਿੰਡ ਸਾਫੂਵਾਲਾ ਦੀ ਚੋਣ ਕੀਤੀ ਹੈ। ਵਿਧਾਇਕ ਡਾ: ਹਰਜੋਤ ਕਮਲ ਦੇ ਮੋਗਾ ਦਫਤਰ ਵਿਖੇ ਵਿਧਾਇਕ ਨੇ ਆਪਣੀ ਹਾਜ਼ਰੀ ਵਿਚ ਸਰਪੰਚ ਲਖਵੰਤ ਸਿੰਘ ਸਾਫੂਵਾਲਾ ਨਾਲ ਮਸ਼ਵਰੇ ਉਪਰੰਤ ਟੀਮ ਹਰਜੋਤ ਦਾ ਵਿਸਥਾਰ ਕਰਦਿਆਂ ਹਰਮੇਸ਼ ਸਿੰਘ ਨੂੰ ਪ੍ਰਧਾਨ, ਸੁਖਮੰਦਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਭੋਲਾ ਸਿੰਘ ਨੂੰ ਮੀਤ ਪ੍ਰਧਾਨ, ਮਨਪ੍ਰੀਤ ਸਿੰਘ ਨੂੰ ਜਨਰਲ ਸਕੱਤਰ, ਮਨਪ੍ਰੀਤ ਸਿੰਘ ਮੂਸੇਵਾਲਾ ਨੂੰ ਪ੍ਰਚਾਰ ਸਕੱਤਰ, ਲਵਪ੍ਰੀਤ ਸਿੰਘ ਨੂੰ ਸਕੱਤਰ, ਸੁਖਦੇਵ ਸਿੰਘ, ਮਲਕੀਤ ਸਿੰਘ, ਬੂਟਾ ਸਿੰਘ, ਸ਼ਿੰਦਰ ਸਿੰਘ, ਸਤਨਾਮ ਸਿੰਘ ਨੂੰ ਮੈਂਬਰ ਬਣਾਉਂਦਿਆਂ ਪਾਰਟੀ ਦੀ ਮਜਬੂਤੀ ਲਈ ਕੰਮ ਕਰਨ ਦਾ ਥਾਪੜਾ ਦਿੱਤਾ ਅਤੇ ਉਹਨਾਂ ਨੂੰ ਨਿਯੁਕਤੀ ਪੱਤਰ ਦਿੱਤੇ। ਇਸ ਮੌਕੇ ਵਿਧਾਇਕ ਡਾ: ਹਰਜੋਤ ਕਮਲ ਨੇ ਆਖਿਆ ਸਰਪੰਚ ਲਖਵੰਤ ਸਿੰਘ ਨੇ ਆਪਣੀ ਸੂਝ ਬੂਝ ਨਾਲ ਸਾਫੂਵਾਲਾ ਪਿੰਡ ਦਾ ਅਥਾਹ ਵਿਕਾਸ ਕਰਵਾਇਆ ਅਤੇ ਪੰਜਾਬ ਸਰਕਾਰ ਵੱਲੋਂ ਆਈਆਂ ਗਰਾਂਟਾਂ ਨਾਲ ਪਿੰਡ ਨੂੰ ਮਾਡਲ ਪਿੰਡ ਵਜੋਂ ਵਿਕਸਤ ਕਰਕੇ, ਮੋਗਾ ਜ਼ਿਲ੍ਹੇ ਦਾ ਨਾਮ ਚਮਕਾਇਆ ਹੈ। ਉਹਨਾਂ ਆਖਿਆ ਕਿ ਅੱਜ ਪਿੰਡ ਦੇ ਉਤਸ਼ਾਹੀ ਨੌਜਵਾਨਾਂ ਨੂੰ 'ਟੀਮ ਹਰਜੋਤ' ਵਿਚ ਸ਼ਾਮਲ ਕਰਕੇ ਅਹੁਦਿਆਂ ਦਾ ਮਾਣ ਦਿੱਤਾ ਹੈ ਤਾਂ ਕਿ ਇਹ ਟੀਮ ਪਿੰਡ ਦੇ ਹਰ ਕਮਜ਼ੋਰ ਵਰਗ ਦੀ ਦਹਲੀਜ਼ ਤੱਕ ਕਾਂਗਰਸ ਦੀਆਂ ਲੋਕ ਭਲਾਈ ਨੀਤੀਆਂ ਦਾ ਪ੍ਰਚਾਰ ਕਰੇ ਤਾਂ ਕਿ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਸਕੇ।

# ਬਲਜਿੰਦਰ ਥਿੰਦ ਅਤੇ ਹੈਰੀ ਜੋਸਨ ਪਾਰਟੀ ਦੇ ਜਿਲ੍ਹਾ ਜੁਆਇੰਟ ਸਕੱਤਰ ਨਿਯੁਕਤ

**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਆਮ ਆਦਮੀਂ ਪਾਰਟੀ ਵੱਲੋਂ ਕੀਤੀਆਂ ਗਈਆਂ ਨਿਯੁਕਤੀਆਂ ਤਹਿਤ ਪਾਰਟੀ ਦੇ ਮਮਦੋਟ ਬਲਾਕ ਦੇ ਸੀਨੀਅਰ ਆਗੂਆਂ ਬਲਜਿੰਦਰ ਸਿੰਘ ਥਿੰਦ ਅਤੇ ਹਰਪ੍ਰੀਤ ਸਿੰਘ ਹੈਰੀ ਜੋਸਨ ਸੇਠਾਂ ਵਾਲਾ ਨੂੰ ਪਾਰਟੀ ਦੇ ਜਲਿਾ ਬੀ ਸੀ ਵਿੰਗ ਦਾ ਜੁਆਇੰਟ ਸਕੱਤਰ ਨਿਯੁਕਤ ਕੀਤਾ ਗਿਆ ਹੈ ਇਹ ਨਿਯੁਕਤੀ ਪਾਰਟੀ ਦੇ ਪੰਜਾਬ ਬੀ ਸੀ ਵਿੰਗ ਦੇ ਪ੍ਰਧਾਨ ਜਗਦੀਪ ਸਿੰਘ ਗੋਲਡੀ ਕੰਬੋਜ ਦੀ ਅਗਵਾਈ ਵਿਚ ਕੀਤੀ ਗਈ ਹੈ ਇਸ ਨਿਯੁਕਤੀ ਤੇ ਪਾਰਟੀ ਦੇ ਸੀਨੀਅਰ ਆਗੂਆਂ ਅਮਰਦੀਪ ਸਿੰਘ ਆਸੂ ਬੰਗੜ, ਬਲਰਾਜ ਸਿੰਘ ਸੰਧੂ, ਸ੍ਰੀ ਰਾਜ ਕੁਮਾਰ ਨਾਰੰਗ, ਅਮਨਦੀਪ ਸਿੰਘ ਧਾਲੀਵਾਲ( ਨਿਜੀ ਸਕੱਤਰ ), ਕੁਲਦੀਪ ਸਿੰਘ ਧੀਰਾ ਪਤਰਾ, ਸੰਗਿਾਰਾ ਸਿੰਘ ਸਾਬਕਾ ਐਮ ਸੀ ਮਮਦੋਟ, ਬਲਵੀਰ ਸਿੰਘ ਜਲੋਕੇ ਆਦ ਆਗੂਆਂ ਨੇ ਖੁਸੀ ਦਾ ਪ੍ਰਗਟਾਵਾ ਕਰਦੇ ਹੋਏ ਪਾਰਟੀ ਦਾ ਧੰਨਵਾਦ ਕੀਤਾ।





# ਹੋਮੀ ਭਾਭਾ ਕੈਂਸਰ ਹਸਪਤਾਲ ਦੀ ਜਲਦੀ ਸ਼ੁਰੂਆਤ ਲਈ ਪ੍ਰਗਤੀ ਦੀ ਹਫ਼ਤਾਵਾਰੀ ਸਮੀਖਿਆ ਸ਼ੁਰੂ

**ਚੰਡੀਗੜ/ਵਿਨੋਦ ਕੁਮਾਰ**

ਨਿਊ ਚੰਡੀਗੜ (ਮੋਹਾਲੀ) ਵਿਖੇ ਮੈਡੀਸਿਟੀ ਵਿੱਚ ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ ਨੂੰ ਛੇਤੀ ਸ਼ੁਰੂ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਮੁੱਖ ਸਕੱਤਰ ਸ੍ਰੀਮਤੀ ਵਿਨੀ ਮਹਾਜਨ ਨੇ ਇਸ ਵੱਕਾਰੀ ਪ੍ਰਾਜੈਕਟ ਦੀ ਪ੍ਰਗਤੀ ਦੀ ਹਫ਼ਤਾਵਾਰੀ ਸਮੀਖਿਆ ਸ਼ੁਰੂ ਕਰ ਦਿੱਤੀ ਹੈ। ਉਨਾਂ ਨੇ ਸਾਰੇ ਭਾਈਵਾਲਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਇਸ ਅਤਿ ਆਧੁਨਿਕ ਕੈਂਸਰ ਟਰਸ਼ਰੀ ਕੇਅਰ ਫੈਸਲਿਟੀ ਨੂੰ ਨਵੰਬਰ ਤੱਕ ਕਾਰਜਸ਼ੀਲ ਕੀਤਾ ਜਾਵੇ। ਮੁੱਖ ਸਕੱਤਰ, ਡਾਇਰੈਕਟਰ ਟਾਟਾ ਮੈਮੋਰੀਅਲ ਸੈਂਟਰ ਮੁੰਬਈ ਡਾ. ਆਰ.ਏ. ਬਡਵੇ, ਪ੍ਰਮੁੱਖ ਸਕੱਤਰ ਸਿਹਤ ਅਤੇ ਮੈਡੀਕਲ ਸਿੱਖਿਆ ਅਲੋਕ ਸ਼ੇਖਰ, ਪੀ.ਡਬਲਿਊ.ਡੀ. ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਨਾਲ ਇੱਥੇ ਪ੍ਰਾਜੈਕਟ ਦੀ ਪ੍ਰਗਤੀ ਦੀ ਸਮੀਖਿਆ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਮੁੱਖ ਸਕੱਤਰ ਨੇ ਪੀ.ਜੀ.ਆਈ. ਚੰਡੀਗੜ ਨੇੜੇ ਬਣਨ ਵਾਲੇ ਇਸ ਪ੍ਰਾਜੈਕਟ ਦੀ ਪ੍ਰਗਤੀ ਦੀ ਸਮੀਖਿਆ ਕਰਨ ਅਤੇ ਇਸਦੀ ਮੌਜੂਦਾ ਸਥਿਤੀ ਦਾ ਜਾਇਜਾ ਲੈਣ ਲਈ ਪਿਛਲੇ ਹਫਤੇ ਸਾਈਟ ਦਾ ਦੌਰਾ ਕੀਤਾ ਸੀ। ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਸੀ-ਵਿੰਗ ਦੇ ਸਾਰੇ ਬਕਾਇਆ ਕੰਮ 15 ਸਤੰਬਰ ਤੋਂ ਪਹਿਲਾਂ ਮੁਕੰਮਲ ਕੀਤੇ ਜਾਣਗੇ ਤਾਂ ਜੋ ਰੇਡੀਓਲੋਜੀ ਉਪਕਰਨਾਂ ਦੀ ਸਥਾਪਨਾ ਦਾ ਕਾਰਜ ਛੇਤੀ ਸੁਰੂ ਕੀਤਾ ਜਾ ਸਕੇ।

■ 664 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕੈਂਸਰ ਟਰਸ਼ਰੀ ਕੇਅਰ ਹਸਪਤਾਲ ਨੂੰ ਨਵੰਬਰ ਤੱਕ ਕਾਰਜਸ਼ੀਲ ਕਰਨ ਲਈ ਟੀਚੇ ਪੂਰੇ ਕਰਨ ਦੀ ਹਦਾਇਤ

ਮਰੀਜ਼ਾਂ ਦੀ ਦੇਖਭਾਲ ਵਾਲੇ ਖੇਤਰਾਂ ਨੂੰ ਕਾਰਜਸ਼ੀਲ ਕਰਨ ਅਤੇ ਮਸ਼ੀਨਾਂ ਦੀ ਸਥਾਪਨਾ ਜਿਹੇ ਕਾਰਜ ਪਹਿਲ ਦੇ ਆਧਾਰ 'ਤੇ ਮੁਕੰਮਲ ਕਰਨ ਲਈ ਆਖਦਿਆਂ ਸ੍ਰੀਮਤੀ ਮਹਾਜਨ ਨੇ ਕਿਹਾ ਕਿ ਡੀ-ਵਿੰਗ ਵਿੱਚ ਲਿਨਾਕ ਮਸ਼ੀਨ ਦੀ ਸਥਾਪਨਾ 3 ਸਤੰਬਰ ਤੋਂ ਸੁਰੂ ਕੀਤੀ ਜਾਵੇ। ਉਨਾਂ ਨੇ ਹਸਪਤਾਲ ਅਤੇ ਦਫ਼ਤਰ ਦੇ ਵੱਖ-ਵੱਖ ਫ਼ਰਨੀਚਰ ਸਬੰਧੀ ਵੀ ਜਾਣਕਾਰੀ ਲਈ। ਡਾ. ਆਰ.ਏ. ਬਡਵੇ ਨੇ ਮੁੱਖ ਸਕੱਤਰ ਨੂੰ ਦੱਸਿਆ ਕਿ ਫਰਨੀਚਰ ਅਤੇ ਹੋਰ ਉਪਕਰਣਾਂ ਦੀ ਖਰੀਦ ਪ੍ਰਗਤੀ ਅਧੀਨ ਹੈ ਅਤੇ ਨਿਰਧਾਰਤ ਸਮਾਂ ਸੀਮਾ ਅੰਦਰ ਸਾਈਟ 'ਤੇ ਪਹੁੰਚਾ ਦਿੱਤੇ ਜਾਣਗੇ। ਪ੍ਰਾਜੈਕਟ ਦੀ ਪ੍ਰਗਤੀ 'ਤੇ ਖੁਸ਼ੀ ਜਾਹਿਰ ਕਰਦਿਆਂ, ਮੁੱਖ ਸਕੱਤਰ ਨੇ ਸਮੁੱਚੇ ਪ੍ਰੋਜੈਕਟ ਨੂੰ ਚਲਾਉਣ ਵਾਲੀ ਟੀਮ ਨੂੰ ਨਿਰਧਾਰਤ ਸਮੇਂ ਅਨੁਸਾਰ ਟੀਚਿਆਂ ਨੂੰ ਹਾਸਲ ਅਤੇ ਪੂਰਾ ਕਰਨ ਲਈ ਕਿਹਾ ਕਿਉਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 300 ਬਿਸਤਰਿਆਂ ਵਾਲੇ ਇਸ ਅਤਿ ਆਧੁਨਿਕ ਕੈਂਸਰ ਹਸਪਤਾਲ ਨੂੰ ਲੋਕਾਂ ਲਈ ਛੇਤੀ ਤੋਂ ਛੇਤੀ ਉਪਲੱਬਧ ਕਰਵਾਉਣ ਲਈ ਕਿਹਾ ਹੈ। ਇਹ ਹਸਪਤਾਲ ਪੂਰੇ ਉੱਤਰੀ ਖੇਤਰ ਨੂੰ ਟਰਸ਼ਰੀ ਕੇਅਰ ਮੈਡੀਕਲ ਸੇਵਾਵਾਂ ਮੁਹੱਈਆ ਕਰਵਾਏਗਾ।

ਜ਼ਿਕਰਯੋਗ ਹੈ ਕਿ 663.74 ਕਰੋੜ ਰੁਪਏ ਦੀ ਮਨਜ਼ੂਰਸ਼ੁਦਾ ਲਾਗਤ ਨਾਲ ਸਥਾਪਤ ਕੀਤੇ ਜਾ ਰਹੇ ਇਸ ਅਹਿਮ ਪ੍ਰਾਜੈਕਟ ਲਈ ਪੰਜਾਬ ਸਰਕਾਰ ਵੱਲੋਂ 50 ਏਕੜ ਜ਼ਮੀਨ ਮੁਫਤ ਮੁਹੱਈਆ ਕਰਵਾਈ ਗਈ ਹੈ। ਇਹ ਕੈਂਸਰ ਕੇਅਰ ਸੈਂਟਰ ਅਤਿ-ਆਧੁਨਿਕ ਡਾਇਗਨੌਸਟਿਕ ਅਤੇ ਇਲਾਜ ਸਹੂਲਤਾਂ ਜਿਵੇਂ ਦੋ ਲੀਨੀਅਰ ਐਕਸਲਰੇਟਰ, ਬ੍ਰੈਚੀਥੈਰੇਪੀ, ਪੀਈਸੀਟੀ ਸੀਟੀ, ਬੋਨ ਮੈਰੋ ਟ੍ਰਾਂਸਪਲਾਂਟ (ਬੀਐੱਮਟੀ), ਸੀਟੀ ਸਿਮੂਲੇਟਰ, ਐਮਆਰ ਸਿਮੂਲੇਟਰ, ਇੰਟਰਵੈਂਸ਼ਨਲ ਰੇਡੀਓਲੋਜੀ ਅਤੇ ਸਰਜੀਕਲ ਸਹੂਲਤਾਂ ਨਾਲ ਲੈਸ ਹੋਵੇਗਾ।



# ਔਲਖ ਵੱਲੋ ਫਤਿਆਬਾਦ (ਕਰਮ ਸਾਹ ਦਾਤਾ) ਨੇੜੇ ਚੰਡੀਗੜ੍ਹ ਮੁਹੱਲਾ ਵਿਖ਼ੇ ਫ੍ਰੀ ਮੈਡੀਕਲ ਕੈਂਪ ਲਗਾਇਆ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਖਡੂਰ ਸਾਹਿਬ ਦੇ ਪਿੰਡ ਫਤਿਆਬਾਦ (ਕਰਮ ਸਾਹ ਦਾਤਾ) ਨੇੜੇ ਚੰਡੀਗੜ੍ਹ ਮੁਹੱਲਾ ਵਿਖੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ੍ ਗੁਰਸੇਵਕ ਸਿੰਘ ਔਲਖ ਵਲੋ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਇਸ ਦੌਰਾਨ ਆਈਆ ਸੰਗਤਾਂ ਦਾ ਮੈਡੀਕਲ ਚੈਕਅਪ ਕਰਕੇ ਡਾਕਟਰਾਂ ਦੀ ਟੀਮਾ ਦੁਆਰਾ ਦਵਾਈਆਂ ਦਿੱਤੀਆਂ ਗਈਆਂ ਅਤੇ ਗੁਰਸੇਵਕ ਸਿੰਘ ਔਲਖ ਵੱਲੋ ਆਈਆਂ ਸੰਗਤਾਂ ਨੇ ਗੁਰਸੇਵਕ ਸਿੰਘ ਔਲਖ ਦੇ ਇਸ ਫ੍ਰੀ ਮੈਡੀਕਲ ਕੈਂਪ ਦੀ ਪ੍ਰਸੰਸਾ ਕੀਤੀ ਤੇ ਯਕੀਨ ਦਵਾਇਆ ਗਿਆ ਕਿ 2022 ਵਿਚ ਹਲਕਾ ਖਡੂਰ ਸਾਹਿਬ ਤੋ ਲੋਕ ਇਸ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਕਾਹਲੇ ਹਨ। ਸੰਗਤਾਂ ਦੁਆਰਾ ਹਲਕੇ ਦੀਆਂ ਮੁਸਕਿਲਾ ਤੋ ਵੀ ਔਲਖ ਨੂੰ ਜਾਣੂ ਕਰਵਾਇਆ ਗਿਆ। ਗੁਰਸੇਵਕ ਸਿੰਘ ਔਲਖ ਵਲੋ ਸੰਗਤਾਂ ਨੂੰ ਵਿਸਵਾਸ ਦਿਵਾਇਆ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਸਾਡੀ ਸਰਕਾਰ ਬਣਦੇ ਹੀ ਸਹਿਤ ਸੁਵਿਧਾਵਾਂ ਵਿਚ ਵਾਧਾ ਕੀਤਾ ਜਾਵੇਗਾ ਤੇ ਮੈਡੀਕਲ ਕੈਂਪ ਨਿਰਵਿਘਨ ਚਾਲੂ ਰਹਿਣਗੇ। ਮੈਡੀਕਲ ਕੈਂਪ ਦੌਰਾਨ ਡਾਕਟਰ ਟੀਮ ਤੋ ਇਲਾਵਾ ਤਰਸੇਮ ਸਿੰਘ ਕੋਹਾੜਕਾ, ਹਰਪ੍ਰੀਤ ਸਿੰਘ ਖਾਨ ਛਾਪੜੀ, ਦਲਬੀਰ ਸਿੰਘ, ਰੇਸਮ ਸਿੰਘ, ਰਣਜੀਤ ਸਿੰਘ ਪਵਾਰ, ਨੀਲ ਕਮਲ ਜੋਸੀ, ਹਰਜਿੰਦਰਪਾਲ ਸਿੰਘ, ਅਵਤਾਰ ਸਿੰਘ ਚਾਹਲ, ਦਲਜੀਤ ਸਿੰਘ, ਨਰਿੰਦਰ ਸਿੰਘ, ਹਰਜਿੰਦਰ ਸਿੰਘ ਹਾਜਿਰ ਸਨ।

## ਪੰਜਾਬ ਵਿਧਾਨ ਸਭਾ ਦਾ ਇਜਲਾਸ 3 ਸਤੰਬਰ ਨੂੰ

**ਚੰਡੀਗੜ/ਵਿਨੋਦ ਕੁਮਾਰ**

ਵਿਧਾਨ ਸਭਾ ਦੇ ਬੁਲਾਰੇ ਨੇ ਦੱਸਿਆ ਹੈ ਕਿ ਪੰਜਾਬ ਦੇ ਰਾਜਪਾਲ ਵੱਲੋਂ 15ਵੀਂ ਪੰਜਾਬ ਵਿਧਾਨ ਸਭਾ ਨੂੰ ਇਸ ਦੇ 15ਵੇਂ ਸਮਾਗਮ (ਵਿਸ਼ੇਸ਼) ਲਈ 3 ਸਤੰਬਰ ਨੂੰ ਸਵੇਰੇ 10 ਵਜੇ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਚੰਡੀਗੜ ਵਿਖੇ ਬੁਲਾਇਆ ਗਿਆ ਹੈ।

## ਗੁਦਾਮ ਦਾ ਤਾਲਾ ਤੋੜ ਕੇ ਲੱਖਾ ਰੁਪਏ ਦਾ ਸਮਾਨ ਚੋਰੀ

**ਜੀਰਕਪੁਰ/ ਰਵੀ ਜੀਰਕਪੁਰ**

ਅਣਪਛਾਤੇ ਚੋਣ ਸਨੌਲੀ ਖੇਤਰ ਵਿੱਚ ਇੱਕ ਮੋਬ੍ਾਇਲ; ਕੰਪਨੀ ਦੇ ਗੁਦਾਮ ਦਾ ਤਾਲਾ ਤੋੜ ਕੇ ਲਖਾ ਰੁਪਏ ਦਾ ਸਮਾਨ ਚੋਰੀ ਕਰਕੇ ਲੇ ਗਈ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਵੈਸ਼ਨੂ ਪੁੱਤਰ ਓਮ ਪ੍ਰਕਾਸ਼ ਟੀ ਡੀ ਆਈ ਸਿਟੀ ਮੋਹਾਲੀ ਨੇ ਦਸਿਆ ਕਿ ਉਨ ਾ ਦਾ ਸਨੌਲੀ ਖੇਤਰ ਵਿੱਚ ਮੋਬਾਇਲ ਦੇ ਟਾਵਰ ਲਗਾਉਣ ਦਾ ਸਮਾਨ ਰੱਖ ਲਈ ਗੁਦਾਮ ਹੈ ਉਨ ਾ ਦੋਸ਼ ਲਾਇਆ ਕਿ ਕੋਈ ਅਣਪਚਾਤਾ ਚੋਰ ਉਨ ਾ ਦੇ ਗੁਦਾਮ ਵਿੱਚੋਂ ਏਅਰਟੈਲ ਅਤੇ ਜੀਓ ਕੰਪਨੀ ਦਾ ਬਿਜਲੀ ਦੀ ਸਮਾਨ ਚੋਰੀ ਕਰਕੇ ਲੈ ਗਿਆ ਪੁਲਿਸ ਨੇ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਅਗਰਵਾਲ ਸਭਾ ਪੰਜਾਬ ਦੇ ਚੀਫ ਪੈਟਰਨ ਬਣਨ ਤੇ ਮਾਸਟਰ ਸ਼ਾਮ ਲਾਲ ਸਿੰਗਲਾ ਨੂੰ ਕੀਤਾ ਸਨਮਾਨਿਤ

**ਸੁਨਾਮ/ਵਰਮਾ**



ਅਗਰਵਾਲ ਸਭਾ ਪੰਜਾਬ ਦੇ ਚੀਫ ਪੈਟਰਨ ਬਣਨ ਤੇ ਮਾਸਟਰ ਸ਼ਾਮ ਲਾਲ ਸਿੰਗਲਾ ਨੂੰ ਸਨਮਾਨਿਤ ਕਰਨ ਲਈ ਸਥਾਨਕ ਅਗਰਸੈਨ ਚੌਂਕ ਵਿਖੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮਾਸਟਰ ਸ਼ਾਮ ਲਾਲ ਸਿੰਗਲਾ ਨੇ ਆਪਣੇ ਸ਼ੁਭਚਿੰਤਕਾਂ ਸਮੇਤ ਮਹਾਰਾਜਾ ਅਗਰਸੈਨ ਦਾ ਅਸ਼ੀਰਵਾਦ ਲਿਆ। ਜਦੋਂ ਕਿ ਸਮਾਗਮ ਦੌਰਾਨ ਵੱਖ-ਵੱਖ ਸੰਸਥਾਵਾਂ ਨੇ ਫੁੱਲਾਂ ਦੇ ਹਾਰ ਪਾ ਕੇ ਮਾਸਟਰ ਸ਼ਾਮ ਲਾਲ ਸਿੰਗਲਾ ਨੂੰ ਸਨਮਾਨਿਤ ਕੀਤਾ। ਇਸ ਮੌਕੇ ਅਗਰਵਾਲ ਸਭਾ ਸੁਨਾਮ, ਅਗਰਵਾਲ ਸਭਾ ਸੰਗਰੂਰ, ਅਗਰਵਾਲ ਸਭਾ ਧਰਮਗੜ੍ਹ, ਨੇਤਰ ਬੈਂਕ ਸੰਮਿਤੀ, ਰੋਟਰੈਕਟ ਕਲੱਬ (ਮੇਨ), ਰੋਟਰੀ ਕਲੱਬ ਸਟਾਰ, ਭਾਰਤ ਵਿਕਾਸ ਪਰੀਸ਼ਦ, ਪੈਨਸ਼ਨ ਯੂਨੀਅਨ, ਖਾਲਸ ਪ੍ਰੇਮ ਮਾਰਗ, ਜ਼ਿਲ੍ਹਾ ਜੂਡੋ ਐਸੋਸੀਏਸ਼ਨ, ਗੀਤਾ ਮੰਡਲੀ ਸੁਨਾਮ ਅਤੇ ਵਿਧਾਇਕ ਅਮਨ ਅਰੋੜਾ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਨਪ੍ਰੀਤ ਬਾਂਸਲ, ਵੇਦ ਹੋਡਲਾ, ਹਕੂਮਤ ਜਿੰਦਲ, ਕ੍ਰਿਸ਼ਨ ਸੰਦੋਹਾ, ਵਿਕਰਮ ਗਰਗ, ਰਵੀ ਕਮਲ ਗੋਇਲ, ਰਾਮਾ ਆਲਮਪੁਰ, ਟੀ ਕੇ ਗੁਪਤਾ, ਯਸ਼ਪਾਲ ਮੰਗਲਾ, ਸੰਜੀਵ ਬੰਦਲਿਸ਼, ਭਗੀਰਥ ਰਾਏ ਗੀਰਾ, ਪਵਨ ਛਾਹਡੀਆ, ਆਰ ਐਨ ਕਾਂਸਲ, ਇੰਦਰਜੀਤ ਗੁਪਤਾ, ਰਾਮਧਾਰੀ ਭੂਟਾਲੀਆ, ਨਰਿੰਦਰ ਸ਼ਰਮਾ, ਗੌਰਵ ਜਨਾਲੀਆ, ਭਗਵਾਨ ਦਾਸ ਕਾਂਸਲ, ਮਾਸਟਰ ਮੁਕੇਸ਼, ਪ੍ਰਭਾਤ ਜਿੰਦਲ, ਸ਼ਾਮ ਲਾਲ ਐਡਵੋਕੇਟ, ਰਤਨ ਲਾਲ, ਸ਼ਿਵ ਜਿੰਦਲ, ਰਾਕੇਸ਼ ਜਿੰਦਲ, ਨਰਾਤਾ ਰਾਮ, ਟੀ ਸੀ ਜਿੰਦਲ, ਰੇਵਾ ਛਾਹਡੀਆ, ਮੰਜੂ ਗਰਗ, ਅੰਜੂ ਗਰਗ ਆਦਿ ਹਾਜਰ ਸਨ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी (रजि.)
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111